Scholarly Research Journal for Interdisciplinary Studies
Online ISSN 2278-8808, SJIF 2026 = 8.727
https://www.srjis.com/issues_data/304
Peer Reviewed & Refereed Journal, SEPT-OCT 2026, Vol- 15/97

ਪੰਜਾਬੀ: ਸੱਭਿਆਚਾਰ ਅਤੇ ਆਧੁਨਿਕ ਗਲਪ : ਅੰਤਰ-ਸੰਵਾਦ

ਸਭਿਆਚਾਰ ਅਤੇ ਆਧੁਨਿਕ ਗਲਪ : ਅੰਤਰ-ਸੰਬੰਧ

karamjeet Kaur
Asst professor
jkarm0287@gmail.com.

Paper Received On: 1 OCT 2026
Peer Reviewed On: 16 OCT 2026
Published On: 01 NOV 2026

Abstract

ਸਭਿਆਚਾਰ ਅਤੇ ਗਲਪ ਦਾ ਆਪਸ ਵਿਚ ਬਹੁਤ ਗੂੜ੍ਹਾ ਰਿਸ਼ਤਾ ਹੈ। ਇਹ ਦੋਵੇਂ ਸੰਕਲਪ ਆਪਣੀ ਸੁਤੰਤਰ ਹੋਂਦ ਰੱਖਦੇ ਹੋਏ ਵੀ ਅੰਤਰ-ਸੰਬੰਧਤ ਹਨ। ਗਲਪ ਆਧੁਨਿਕ ਸਾਹਿਤ ਵਿਚ ਸਭਿਆਚਾਰਕ-ਅਵਚੇਤਨ ਦਾ ਅਜਿਹਾ ਕ੍ਰਿਆਤਮਕ ਤੇ ਸਿਰਜਨਾਤਮਕ ਪ੍ਰਗਟਾਵਾ ਹੈ, ਜਿਹੜਾ ਗਲਪਕਾਰ ਨੇ ਜੀਵਨ ਵਿਚੋਂ ਹੀ ਪ੍ਰਗਟਾਇਆ ਹੁੰਦਾ ਹੈ। ਇਸ ਦਾ ਸੰਬੰਧ ਜਿਹੜੀਆਂ ਘਟਨਾਵਾਂ ਨਾਲ ਹੁੰਦਾ ਹੈ, ਉਹ ਮਨੋ-ਕਲਪਿਤ ਵੀ ਹੋ ਸਕਦੀਆਂ ਹਨ ਅਤੇ ਤੱਥਾਂ ਤੇ ਆਧਾਰਿਤ ਵੀ। ਇਸ ਸਾਹਿਤ ਰੂਪ ਵਿਚ ਬਿਰਤਾਂਤ ਦਾ ਤੱਤ ਭਾਰੂ ਰਹਿੰਦਾ ਹੈ। ਇਨ੍ਹਾਂ ਦੋਵਾਂ ਸੰਕਲਪਾਂ ਵਿਚਲੇ ਅੰਤਰ-ਸਬੰਧਾਂ ਨੂੰ ਸਮਝਣ ਲਈ ਅਸੀ ਪਹਿਲਾਂ ਉਨ੍ਹਾਂ ਪ੍ਰਸਥਿਤੀਆਂ ਦਾ ਜ਼ਿਕਰ ਕਰਾਂਗੇ, ਜਦੋਂ ਸਭਿਆਚਾਰ, ਗਲਪ ਨੂੰ ਪ੍ਰਭਾਵਿਤ ਕਰਦਾ ਹੈ। ਇਸਦਾ ਪਹਿਲਾ ਪ੍ਰਭਾਵ ਗਲਪੀ-ਰਚਨਾ ਦੇ ਵਿਸ਼ੇ ਦੀ ਚੋਣ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਆਮ ਤੌਰ 'ਤੇ ਗਲਪਕਾਰ ਆਪਣੀ ਗਲਪੀ-ਰਚਨਾ ਲਈ ਵਿਸ਼ੇ ਦੀ ਚੋਣ ਆਪਣੇ ਆਲੇ-ਦੁਆਲੇ ਵਿਚੋਂ ਹੀ ਕਰਦਾ ਹੈ, ਕਿਉਂਕਿ ਉਸਦਾ ਆਲਾ-ਦੁਆਲਾ ਉਸਨੂੰ ਵੱਖ-ਵੱਖ ਸਮੇਂ ਵਾਪਰਨ ਵਾਲੇ ਪਰਿਵਰਤਨਾਂ ਦੀ ਨਿਰੰਤਰ ਸੋਢੀ ਕਰਵਾਉਂਦਾ ਰਹਿੰਦਾ ਹੈ। ਨਿੱਤ ਵਾਪਰਦੇ ਇਨ੍ਹਾਂ ਪਰਿਵਰਤਨਾਂ ਦੀ ਸੋਝੀ ਗਲਪਕਾਰ ਨੂੰ ਕੁਝ ਨਾ ਕੁਝ ਨਵਾਂ ਸਿਰਜਣ ਲਈ ਪ੍ਰੇਰਿਤ ਕਰਦੀ ਹੈ। ਬੇਸ਼ੱਕ ਗਲਪਕਾਰ ਨੇ ਜੀਵਨ ਦੇ ਕਿਸੇ ਨਾ ਕਿਸੇ ਬਿੰਦੂ ਤੋਂ ਪ੍ਰੇਰਿਤ ਹੋ ਕੇ, ਆਪਣੀ ਰਚਨਾ ਦੀ ਸਿਰਜਣਾ ਸੁਚੇਤ ਰੂਪ ਵਿਚ ਕੀਤੀ ਹੁੰਦੀ ਹੈ ਪਰੰਤੂ ਅਚੇਤ ਰੂਪ ਵਿਚ ਉਸਦੀ ਸਿਰਜਣਾ ਦਾ ਸਬੰਧ ਉਸਦੇ ਅਵਚੇਤਨ ਨਾਲ ਹੀ ਹੁੰਦਾ ਹੈ। ਗਲਪਕਾਰ ਦਾ ਅਵਚੇਤਨ ਹੀ ਅਸਲ ਵਿਚ ਉਸਦੇ ਚੇਤਨ ਦਾ ਆਧਾਰ ਹੁੰਦਾ ਹੈ। ਹਰੇਕ ਮਨੁੱਖ ਦਾ ਅਵਚੇਤਨ ਉਸਦੇ ਸਮਾਜਿਕ-ਚੌਗਿਰਦੇ ਨੇ ਸਿਰਜਿਆ ਹੁੰਦਾ ਹੈ, ਜਿਹੜਾ ਸੁਭਾਵਿਕ-ਰੂਪ ਵਿਚ ਉਸ ਖਿੱਤੇ ਦੀਆਂ ਸਭਿਆਚਾਰਕ-ਮਰਿਆਦਾਵਾਂ ਦੇ ਪ੍ਰਭਾਵ ਨੂੰ ਕਬੂਲ ਕਰ ਚੁੱਕਾ ਹੁੰਦਾ ਹੈ। ਇਸੇ ਪ੍ਰਭਾਵ ਸਦਕਾ ਮਨੁੱਖ ਦੀ ਆਪਣੇ ਆਲੇ-ਦੁਆਲੇ ਨਾਲ ਸਭਿਆਚਾਰਕ-ਸਾਂਝ ਵਧੇਰੇ ਮਜ਼ਬੂਤ ਹੁੰਦੀ ਹੈ। ਜਦੋਂ ਕੋਈ ਗਲਪਕਾਰ ਆਪਣੀ ਗਲਪੀ-ਰਚਨਾ ਲਈ ਵਿਸ਼ੇ ਦੀ ਚੋਣ ਕਰਦਾ ਹੈ ਤਾਂ ਇਹ ਚੋਣ ਉਸਦੇ ਸਭਿਆਚਾਰਕ-ਪ੍ਰਭਾਵਾਂ ਤੋਂ ਕਦੇ ਵੀ ਮੁਕਤ ਨਹੀਂ ਹੁੰਦੀ।

ਆਧੁਨਿਕ ਸਮੇਂ ਵਿਚ ਕਹਾਣੀ, ਨਾਵਲ ਅਤੇ ਨਾਵਲਿਟ ਨੂੰ ਗਲਪ ਦੇ ਰੂਪ ਵਜੋਂ ਸਵੀਕਾਰ ਕਰਨ ਦੀ ਹਾਮੀ ਭਰੀ ਜਾ ਰਹੀ ਹੈ, ਜੇ ਅਜੋਕੇ ਪੂੰਜੀਵਾਦੀ ਸਮਾਜ ਵਿਚ ਆਮ ਮਨੁੱਖ ਦੀ ਤਸਵੀਰ ਨੂੰ ਰੂਪਮਾਨ ਕਰਦੇ ਹਨ। ਗਲਪ ਦੇ ਇਸ ਸੀਮਿਤ ਘੇਰੇ ਸੰਬੰਧੀ ਇਕ ਟਿੱਪਣੀ ਇਸ ਪ੍ਰਕਾਰ ਮਿਲਦੀ ਹੈ: ਗਲਪ ਸ਼ਬਦ ਦੇ ਵਿਸ਼ਾਲ ਅਰਥਾਂ ਅਨੁਸਾਰ ਤਾਂ ਸਾਰਾ ਸਾਹਿਤ ਹੀ ਇਸਦੇ ਘੇਰੇ ਵਿਚ ਆ ਜਾਂਦਾ ਹੈ। ਪੂਰਾ ਸਾਹਿਤ ਨਾ ਵੀ ਕਹੀਏ ਤਾਂ ਵੀ ਨਾਵਲ-ਕਹਾਣੀ ਦੇ ਨੇੜਲੇ ਸਾਹਿਤ ਰੂਪ (ਸਵੈ-ਜੀਵਨੀ, ਜੀਵਨੀ, ਰੇਖਾ-ਚਿਤਰ ਆਦਿ) ਤਾਂ ਜ਼ਰੂਰ ਹੀ ਗਲਪ ਕਹੇ ਜਾਏ ਚਾਹੀਦੇ ਹਨ, ਪਰ ਅਜਿਹਾ ਨਹੀਂ। ਗਲਪ ਦੇ ਅਜੋਕੇ ਅਰਥ ਤਾਂ ਨਾਵਲ, ਨਾਵਲਿਟ ਅਤੇ ਕਹਾਣੀ ਤੱਕ ਸੀਮਿਤ ਹਨ। 22/12

Copyright © 2026, Scholarly Research Journal for Interdisciplinary Studies

ਵਰਤਮਾਨ ਸਮੇਂ ਪੰਜਾਬੀ ਗਲਪ ਕੋਲ ਆਪਣੀ ਇਕ ਭਰਪੂਰ ਪਰੰਪਰਾ ਹੈ, ਜਿਸਨੇ ਇਸ ਦਾ ਚਿਹਰਾ-ਮੁਹਰਾ ਨਿਖਾਰਿਆ ਹੈ। ਗਲਪਦੀ ਸਿਰਜਣਾ ਸੰਬੰਧੀ ਇਕ ਵਿਦਵਾਨ ਨੇ ਆਪਣੇ

ਵਿਚਾਰ ਇਸ ਤਰ੍ਹਾਂ ਪ੍ਰਗਟਾਏ ਹਨ : ਗਲਪ ਬਹੁਮੁੱਖੀ ਗਿਆਨ ਦਾ ਭੰਡਾਰ ਹੈ। ਸਮੁੰਦਰੋਂ ਡੂੰਘੇ ਦਿਲ ਬਾਬਤ ਜਾਣਨ ਦਾ ਤਰਲਾ ਹੈ। ਇਹ ਉਦੋਂ ਉਪਜਦਾ ਹੈ ਜਦ ਮਨੁੱਖ ਨੂੰ ਬੋਲਣ ਦੀ ਖੁੱਲ੍ਹ ਮਿਲ ਜਾਵੇ। ਖੁੱਲ੍ਹ ਤਾਂ ਮਿਲਦੀ ਹੈ ਜੇ ਧਰਮ ਦਾ ਜੂਲਾ ਦਿੱਲਾ ਹੋ ਜਾਵੇ। ਕਲਪਿਤ ਦੇਵੀ-ਦੇਵਤਿਆਂ ਦੇ ਵਰ੍ਹਾ-ਸਰਾਪਾਂ ਦਾ ਡਰ ਮੁੱਕ ਜਾਵੇ। ਬੁੱਧੀ ਤੇ ਮਨੋਵਿਗਿਆਨਕ ਸੂਝ ਆ ਜਾਵੇ। ਗਲਪ ਦੀ ਸਿਰਜਣਾ ਲਈ ਇਨ੍ਹਾਂ ਤੱਤਾਂ ਦੀ ਵਰਤੋਂ ਦੌਰਾਨ ਸਮੇਂ ਸਥਾਨ ਤੇ ਕਾਰਜ ਦੀ ਏਕਤਾ ਦਾ ਬਣੇ ਰਹਿਣਾ ਮਹੱਤਵਪੂਰਨ ਲੋੜ ਹੈ। ਗਲਪ ਵਿਚ ਜਿਹੜੀਆਂ ਰਚਨਾਵਾਂ ਸਿਰਜੀਆਂ ਜਾਂਦੀਆਂ ਹਨ. ਉਹ ਸਿਰਫ਼ ਕਾਲਪਨਿਕ ਹੀ ਨਹੀਂ ਹੁੰਦੀਆਂ, ਸਗੋਂ ਉਨ੍ਹਾਂ ਵਿਚ ਕਲਪਨਾ ਦੇ ਨਾਲ-ਨਾਲ ਵਿਗਿਆਨਕ-ਯਥਾਰਥ ਵੀ ਹੁੰਦਾ ਹੈ ਗਲਪ ਨੂੰ ਨਿਰੋਲ ਝੂਠ ਨਹੀਂ ਆਖ ਸਕਦੇ ਸਗੋਂ ਇਸ ਵਿਚਲੀਆਂ ਘਟਨਾਵਾਂ ਵਿਗਿਆਨਕ ਯਥਾਰਥ ਦੀ ਸੀਮਾ ਵਿਚ ਰਹਿੰਦੀਆਂ ਹਨਤੇ ਇਸ ਪ੍ਰਕਾਰ ਬੂਠ ਦੀ ਸੀਮਾ ਤੋਂ ਲੰਘ ਕੇ ਸੱਚ ਦੀ ਸੀਮਾ ਵਿਚ ਪ੍ਰਵੇਸ਼ ਕਰ ਜਾਂਦੀਆਂ ਹਨ। ਗਲਪ ਰਚਨਾਵਾਂ ਵਿਸ਼ੇਸ਼ ਪ੍ਰਕਾਰ ਦੀ ਮਾਨਸਿਕਤਾ ਅਥਵਾ ਨਿਆਂਇਕ ਸੰਗਠਨ ਦਾ ਨਿਰੂਪਣ ਕਰ ਰਹੀਆਂ ਹੁੰਦੀਆਂ ਹਨ, ਜਿਵੇਂ: ਗਲਪ ਮਨੁੱਖ ਦੇ ਭਿੰਨ-ਭਿੰਨ ਪ੍ਰਕਾਰ ਦੇ ਸਾਰਥਕ ਰੂਪਾਂ ਅਤੇ ਸੰਰਚਨਾ ਨੂੰ ਸਿਰਜਣ ਵਾਲੀ ਸ਼ਕਤੀ ਹੈ। ਮਨੁੱਖ ਨੇ ਪ੍ਰਕਿਰਤੀ ਨੂੰ ਆਪਣੇ ਨਿਯੰਤਰਣ ਵਿਚ ਲੈ ਕੇ ਇਸਦਾ ਰੂਪਾਂਤਰਣ ਕੀਤਾ ਹੈ। ਇਸ ਰੂਪਾਂਤਰਣ ਵਿਚ ਸਾਰਾ ਸੰਸਾਰ ਪ੍ਰਦੰਤ ਨਹੀਂ ਸਗੋਂ ਸਿਰਜਤ ਹੈ। ਇਸੇ ਕਰਕੇ ਅਸੀਂ ਇਸਨੂੰ ਗਲਪ ਆਖਦੇ ਹਾਂ ਗਲਪ ਦੀ ਸਿਰਜਣਾ ਕਰਨ ਵਾਲੇ ਚਾਰ ਤੱਤਾਂ (ਬਿਰਤਾਂਤਕਾਰ, ਘਟਨਾ, ਪਾਤਰ-ਉਸਾਰੀ ਅਤੇ ਗਲਪੀ-ਭਾਸ਼ਾ) ਦੇ ਆਧਾਰ 'ਤੇ ਗਲਪ ਤੇ ਸਭਿਆਚਾਰ ਦੇ ਅੰਤਰ-ਸੰਬੰਧਾਂ ਨੂੰ ਵਧੇਰੇ ਡੂੰਘਾਈ ਨਾਲ ਸਮਝਿਆ ਜਾ ਸਕਦਾ ਹੈ। ਗਲਪ ਦੇ ਇਨ੍ਹਾਂ ਤੱਤਾਂ ਵਿਚੋਂ ਬਿਰਤਾਂਤਕਾਰ ਗਲਪੀ-ਰਚਨਾ ਦਾ ਪਹਿਲਾ ਅਜਿਹਾ ਤੱਤ ਹੈ, ਜਿਹੜਾ ਗਲਪਕਾਰ ਨੇ ਆਪਣੀ ਸੋਝੀ ਅਤੇ ਰਚਨਾ ਦੀ ਲੋੜ ਅਨੁਸਾਰ, ਰਚਨਾ ਵਿਚਲੀ ਸਮੁੱਚੀ ਕਹਾਣੀ ਬਿਆਨ ਕਰਨ ਲਈ ਘੜਿਆ ਹੁੰਦਾ ਹੈ। ਬਿਰਤਾਂਤਕਾਰ ਦੀ ਨੁਹਾਰ ਨੇ ਸਭਿਆਚਾਰਕ-ਅਵਚੇਤਨ ਵਿਚੋਂ ਗਲਪਕਾਰ ਦੇ ਮਾਧਿਅਮ ਉਭਰਨਾ ਹੁੰਦਾ। ਬਿਰਤਾਂਤਕਾਰ ਦੀ ਨੁਹਾਰ ਤਰਾਸ਼ਦਿਆਂ ਗਲਪਕਾਰ ਚਾਹੁੰਦੇ ਹੋਏ ਵੀ ਆਪਣੇ ਅਵਚੇਤਨ ਵਿਚ ਪਏ ਸਭਿਆਚਾਰਕ-ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕਦਾ। ਗਲਪਕਾਰ ਜਿਸ ਸਮਾਜਿਕ/ਸਭਿਆਚਾਰਕ-ਚੌਗਿਰਦੇ ਵਿਚੋਂ ਆਪਣੀ ਰਚਨਾ ਦੀ ਸਿਰਜਣਾ ਕਰ ਰਿਹਾ ਹੁੰਦਾ ਹੈ, ਉਸ ਚੌਗਿਰਦੇ ਦੇ ਲੋਕਾਂ ਅਤੇ ਉਨ੍ਹਾਂ ਦੇ ਸਭਿਆਚਾਰ ਦੀ ਜਾਣਕਾਰੀ ਗਲਪਕਾਰ ਦੇ ਅਵਚੇਤਨ ਵਿਚ ਜ਼ਰੂਰ ਪਈ ਹੁੰਦੀ ਹੈ। ਗਲਪਕਾਰ ਨੇ ਸੁਚੇਤ ਪੱਧਰ 'ਤੇ ਬਿਰਤਾਂਤਕਾਰ ਨੂੰ ਘੜਿਆ ਹੁੰਦਾ, 3 ਇਸ ਲਈ ਬਿਰਤਾਂਤਕਾਰ ਨੂੰ ਵੀ ਸੰਬੰਧਿਤ ਰਚਨਾ ਵਿਚਲੇ ਲੋਕਾਂ ਅਤੇ ਸਭਿਆਚਾਰ ਦੀ ਜਾਣਕਾਰੀ ਨਾਲ ਲੈੱਸ ਵਿਖਾਇਆ ਜਾਂਦਾ ਹੈ। ਉਸ ਰਚਨਾ ਦਾ ਪਾਠਕਾਂ 'ਤੇ ਪ੍ਰਭਾਵ, ਸਿਰਤਾਂਤਕਾਰ ਦੀ ਜਾਣਕਾਰੀ ਅਤੇ ਪੇਸ਼ਕਾਰੀ ਉੱਪਰ ਹੀ ਨਿਰਭਰ ਕਰਦਾ ਹੈ। ਗਲਪਕਾਰ/ਬਿਰਤਾਂਤਕਾਰ, ਰਚਨਾ ਵਿਚਲੇ ਪਾਤਰਾਂ ਅਤੇ ਉਨ੍ਹਾਂ ਦੇ ਸਭਿਆਚਾਰ ਤੋਂ ਜਿੰਨਾ ਵੱਧ ਵਾਕਫ਼ ਹੋਵੇਗਾ, ਓਨੀ ਹੀ ਵਧੇਰੇ ਪ੍ਰਭਾਵਸ਼ਾਲੀ ਉਸਦੀ ਰਚਨਾ ਹੋ ਨਿੱਬੜੇਗੀ। ਇਸ ਲਈ ਬਿਨਾਂ ਕਿਸੇ ਸ਼ੰਕ ਦੇ ਹਰੇਕ ਬਿਰਤਾਂਤਕਾਰ ਸੰਬੰਧਿਤ ਸਭਿਆਚਾਰ ਨਾਲ ਜੁੜਿਆ ਹੁੰਦਾ ਹੈ। ਗਲਪਕਾਰ ਇਸ ਬਿਰਤਾਂਤਕਾਰ ਦੇ ਮਾਧਿਅਮ ਨਾਲ ਸੰਬੰਧਿਤ ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਤੇ ਸੀਮਾਵਾਂ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਪਾਠਕਾਂ ਦੇ ਸਨਮੁੱਖ ਕਰਦਾ ਹੋਇਆ, ਆਪਣੀ ਰਚਨਾ ਨੂੰ ਅੱਗੇ ਤੋਰਦਾ ਹੈ। ਸੇ ਬਿਰਤਾਂਤਕਾਰ ਦੀ ਚੋਣ ਕਰਨ ਲੱਗਿਆਂ, ਗਲਪਕਾਰ ਆਪਣੀਆਂ ਸਭਿਆਚਾਰਕ-ਮਰਿਆਦਾਵਾਂ ਨੂੰ ਕਦੇ ਵੀ ਅੱਖੋਂ ਓਹਲੇ ਨਹੀਂ ਕਰਦਾ। ਬਿਰਤਾਂਤਕਾਰ ਦੀ ਸਿਰਜਣਾ ਕਰਨ ਸਮੇਂ ਗਲਪਕਾਰ ਦੇ ਅੰਦਰ ਇਕ ਅਜਿਹਾ ਪਾਠਕ/ਆਲੋਚਕ ਬੈਠਾ ਹੁੰਦਾ ਹੈ, ਜਿਸ ਨਾਲ ਗਲਪਕਾਰ ਨੂੰ ਸਹਿਮਤੀ ਬਣਾਉਈ ਬਹੁਤ ਜ਼ਰੂਰੀ ਹੁੰਦੀ ਹੈ। ਗਲਪਕਾਰ ਅੰਦਰਲੇ ਇਸ ਪਾਠਕ ਸੰਬੰਧੀ ਇਕ ਵਿਦਵਾਨ ਦਾ ਮੱਤ ਹੈ : ਦੋਂ ਨਾਵਲਕਾਰ ਬਿਰਤਾਂਤ ਸਿਰਜਦਾ ਹੈ ਤਾਂ ਉਸ ਅੰਦਰਲਾ ਚੇਤੰਨ ਆਪਾ ਉਸਦਾ ਪਹਿਲਾ ਸਰੋਤਾ/ਪਾਠਕ ਹੁੰਦਾ ਹੈ। ਉਹ ਹਰ ਬਿਰਤਾਂਤਕ-ਵੇਰਵਾ ਦਿੰਦਿਆਂ ਇਸ ਗੱਲੋਂ ਚੇਤੰਨ ਹੁੰਦਾ ਹੈ ਕਿ ਇਸਦਾ ਕੀ ਪ੍ਰਭਾਵ ਪਏਗਾ। ਅਨੇਕਾਂ ਵਾਰ ਨਾਵਲਕਾਰ ਆਪਣੀ ਲਿਖੀ ਗੱਲ ਨੂੰ ਆਪ ਹੀ ਰੱਦ ਕਰ ਦਿੰਦਾ ਹੈ ਕਿਉਂਕਿ ਉਸ ਅੰਦਰਲਾ ਪਾਠਕ ਉਸ ਨਾਲ ਸਹਿਮਤ ਨਹੀਂ ਹੁੰਦਾ। ਨਾਵਲਕਾਰ ਆਪਣੇ ਅੰਦਰਲੇ ਨੂੰ ਸੰਤੁਸ਼ਟ ਕੀਤੇ ਬਿਨ੍ਹਾਂ ਰਚਨਾ ਕਾਰਜ ਨੇਪਰੇ ਨਹੀ ਚਾੜ੍ਹ ਸਕਦਾ!

ਗਲਪਕਾਰ ਗਲਪ ਦੇ ਦੂਸਰੇ ਤੱਤ ਘਟਨਾ ਨੂੰ ਆਧਾਰ ਬਣਾ ਕੇ ਹੀ ਆਪਣੀ ਰਚਨਾ ਦੀ ਸਿਰਜਣਾ ਕਰਦਾ ਹੈ। ਗਲਪਕਾਰ ਦੇ

ਅਵਚੇਤਨ ਵਿਚ ਅਣਗਿਣਤ ਘਟਨਾਵਾਂ ਪਈਆਂ ਹੁੰਦੀਆਂ ਹਨ, ਜਿਹੜੀਆਂ ਉਸਦੇ ਜਨਮ ਤੋਂ ਲੈ ਕੇ ਵਰਤਮਾਨ ਤੱਕ ਉਸਦੇ ਅਵਚੇਤਨ ਦਾ ਹਿੱਸਾ ਬਣਦੀਆਂ ਆ ਰਹੀਆਂ ਹੁੰਦੀਆਂ ਹਨ। ਵਸਤੂ-ਜਗਤ ਵਿਚ ਇਹ ਘਟਨਾਵਾਂ ਨਿੱਕੇ-ਨਿੱਕੇ ਟੁਕੜਿਆਂ ਵਿਚ ਖਿੱਲਰੀਆਂ ਰੂਪ-ਵਿਹੀਨ ਸੰਰਚਨਾਵਾਂ ਹੁੰਦੀਆਂ ਹਨ। ਗਲਪੀ ਪੱਧਰ 'ਤੇ ਰੂਪਮਾਨ ਹੋਣ ਲਈ ਇਨ੍ਹਾਂ ਨੂੰ ਗ਼ੈਰ-ਜ਼ਰੂਰੀ ਵੇਰਵਿਆਂ ਤੋਂ ਨਿੱਖੜਨਾ ਪੈਂਦਾ ਹੈ ਅਤੇ ਗਲਪਕਾਰ ਦੇ ਅਨੁਭਵ ਦੇ ਚੌਖਟੇ ਵਿਚ ਇਕ ਪ੍ਰਕਾਰ ਦੀ ਪੁਨਰ-ਵਿਉਂਤ ਵਿਚ ਜੁੜਨਾ ਪੈਂਦਾ ਹੈ। ਇਹ ਪੁਨਰ-ਵਿਉਂਤ ਹੀ ਗਲਪੀ-ਪਲਾਟ ਨੂੰ ਜਨਮ ਦਿੰਦੀ ਹੈ। ਆਪਣੀ ਰਚਨਾ ਲਈ ਚੁਣੇ ਗਏ ਵਿਸ਼ੇ ਵਾਸਤੇ ਗਲਪਕਾਰ ਇਨ੍ਹਾਂ ਘਟਨਾਵਾਂ ਵਿਚੋਂ ਕੁਝ
ਲੋੜੀਂਦੀਆਂ ਤੇ ਢੁਕਵੀਆਂ ਘਟਨਾਵਾਂ ਦੀ ਹੀ ਚੋਣ ਕਰਦਾ ਹੈ, ਕਿਉਂਕਿ ਸਮੁੱਚੀਆਂ ਘਟਨਾਵਾਂ ਦਾ ਸੰਬੰਧ ਤਾਂ ਚੁਣੇ ਗਏ ਵਿਸ਼ੇ ਤੋਂ ਵੱਖਰਾ ਵੀ ਹੋ ਸਕਦਾ ਹੈ। ਇਨ੍ਹਾਂ ਢੁਕਵੀਆਂ ਘਟਨਾਵਾਂ ਦੀ ਚੋਣ ਕਰਨ ਤੋਂ ਬਾਅਦ, ਬਾਕੀ ਘਟਨਾਵਾਂ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਜਾਂਦਾ। ਣੀਆਂ ਹੋਈਆਂ ਘਟਨਾਵਾਂ ਉਹ ਘਟਨਾਵਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਗਲਪਕਾਰ ਨੇ ਜਾਂ ਤਾਂ ਅੱਖੀਂ ਵੇਖਿਆ ਹੁੰਦਾ ਹੈ ਜਾਂ ਫਿਰ ਪੜ੍ਹਿਆ ਜਾਂ ਸੁਣਿਆ ਹੁੰਦਾ ਹੈ। ਗਲਪਕਾਰ ਦਾ ਸਿੱਧੇ ਜਾਂ ਅਸਿੱਧੇ ਰੂਪ ਵਿਚ
ਇਨ੍ਹਾਂ ਘਟਨਾਵਾਂ ਨਾਲ ਕੋਈ ਨਾ ਕੋਈ ਸੰਬੰਧ ਜ਼ਰੂਰ ਹੁੰਦਾ ਹੈ। ਉਹ ਆਪਣੀ ਸਾਹਿਤਕ ਸੋਚੀ ਤੇ ਕਲਪਨਾ-ਸ਼ਕਤੀ ਨਾਲ ਇਨ੍ਹਾਂ ਘਟਨਾਵਾਂ ਦੀ ਕਾਂਟ-ਛਾਂਟ ਕਰਕੇ ਰਚਨਾ ਦੀ ਸਿਰਜਣਾ ਕਰ ਲੈਂਦਾ ਹੈ। ਹਰ ਗਲਪਕਾਰ ਆਪਣੀ ਰਚਨਾ ਦੀ ਸਫਲ ਸਿਰਜਣਾ ਲਈ ਘਟਨਾਵੀ-ਵੇਰਵੇ ਉਥੋਂ ਹੀ ਲੈਂਦਾ ਹੈ, ਜਿਸ ਸਮਾਜਿਕ/ਸਭਿਆਚਾਰਕ ਚੌਂਗਿਰਦੇ ਦੀ ਉਹ ਸਾਰਥਕ ਜਾਣਕਾਰੀ ਰੱਖਦਾ ਹੋਵੇ। ਜੇਕਰ ਗਲਪਕਾਰ ਨੂੰ ਰਚਨਾ ਵਿਚ ਪੇਸ਼ ਘਟਨਾ ਦੇ ਸਮਾਜਿਕ/ਸਭਿਆਚਾਰਕ-ਚੌਂਗਿਰਦੇ ਦੀ ਭਰਪੂਰ-ਸੋਝੀ ਨਹੀਂ ਹੋਵੇਗੀ ਤਾਂ ਉਹ ਰਚਨਾ ਠਕਾਂ ਦਾ ਚੰਗਾ ਹੁੰਗਾਰਾ ਪ੍ਰਾਪਤ ਕਰਨ ਵਿਚ ਅਸਮਰੱਥ ਰਹੇਗੀ। ਸੋ ਗਲਪਕਾਰ ਦੀ ਰਚਨਾ ਦੀ ਸਫਲਤਾ ਪਿੱਛੇ ਉਸਦਾ ਸਭਿਆਚਾਰਕ-ਅਵਚੇਤਨ ਕੰਮ ਕਰ ਰਿਹਾ ਹੁੰਦਾ ਹੈ। ਇਸ ਸੰਬੰਧੀ ਇੱਥੇ ਇਕ ਕਥਨ ਵੇਖਣ ਵਾਲਾ ਹੈ।
ਸਿਰਜਕ ਜਿਸ ਸਮਾਜਕ-ਸਭਿਆਚਾਰਕ ਪਰਿਵੇਸ਼ ਦਾ ਜੰਮਪਲ ਹੁੰਦਾ ਹੈ ਉਸ ਦਾ ਅਨੁਭਵ ਅਤੇ ਪ੍ਰਤੱਖਣ-ਵਿਧੀ ਦੋਵੇਂ ਉਸ ਸਮਾਜ ਦੀ ਦੇਣ ਹੁੰਦੀਆਂ ਹਨ। ਸਮਾਜਕ-ਪਰਿਵੇਸ਼ ਦੀਆਂ ਅਨੇਕਮੁਖੀ ਸੰਭਾਵਨਾਵਾਂ ਵਿਚੋਂ ਸਾਹਿਤਕਾਰ ਆਪਣੇ ਹਿਤ, ਸੋਝੀ ਤੇ ਪ੍ਰਤਿਭਾ ਦੀਆਂ ਅਨੁਸਾਰੀ ਸੰਭਾਵਨਾਵਾਂ ਅਪਨਾਉਂਦਾ ਹੈ ਅਤੇ ਆਪਣੀ ਚਿੰਤਨ-ਸ਼ਕਤੀ ਨਾਲ ਉਸ ਸੰਭਾਵਨਾਵਾਂ ਦੀਆਂ ਲੁਕਵੀਆਂ ਪਰਤਾਂ ਉਜਾਗਰ ਕਰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸੇ ਗਲਪੀ-ਰਚਨਾ ਦੀ ਸਿਰਜਣਾ ਕਰਨ ਤੋਂ ਪਹਿਲਾਂ ਗਲਪਕਾਰ ਦੀ ਚੇਤਨਾ ਵਿਚ ਅਨੇਕ ਵਿਸ਼ੇ ਹੋ ਸਕਦੇ ਹਨ ਪਰੰਤੂ ਕਿਸੇ ਰਚਨਾ ਦਾ ਨਿਸ਼ਚਿਤ ਵਿਸ਼ਾ ਚੁਣਨ ਸਮੇਂ ਗਲਪਕਾਰ ਦੇ ਅਵਚੇਤਨ ਵਿਚ ਪਿਆ ਸੰਬੰਧਿਤ ਸਭਿਆਚਾਰ ਦਾ ਪ੍ਰਭਾਵ ਜ਼ਰੂਰ ਉਸਦਾ ਮੱਦਦਗਾਰ ਸਾਬਿਤ ਹੁੰਦਾ ਹੈ। ਗਲਪਕਾਰ ਨੇ ਆਪਣੇ ਸਮਾਜਿਕ-ਚੌਂਗਿਰਦੇ ਵਿਚੋਂ ਜਿਸ ਪ੍ਰਕਾਰ ਦਾ ਪ੍ਰਭਾਵ ਵਧੇਰੇ ਗ੍ਰਹਿਣ ਕੀਤਾ ਹੁੰਦਾ ਹੈ, ਉਸਦੀ ਰੁਚੀ ਵੀ ਉਸ ਅਨੁਸਾਰ ਹੀ ਬਣਦੀ ਹੈ। ਰਚਨਾ ਲਈ ਨਿਸ਼ਚਿਤ ਵਿਸ਼ੇ ਦੀ ਚੋਣ ਗਲਪਕਾਰ ਦੀ ਇਸ ਰੁਚੀ ਵਿਚੋਂ ਉੱਭਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਗਲਪਕਾਰ ਵਿਸ਼ੇ ਨਾਲ ਸੰਬੰਧਿਤ ਆਪਣੇ ਸਮਾਜਿਕ-ਚੌਂਗਿਰਦੇ ਤੇ ਅਵਚੇਤਨ ਵਿਚੋਂ ਖਿੰਡੇ-ਪੁੰਡੇ ਵੇਰਵਿਆਂ ਨੂੰ ਇਕੱਤਰ ਕਰਕੇ ਪੁਨਰ-ਸੰਗਠਿਤ ਕਰਦਾ ਹੈ ਅਤੇ ਰਚਨਾ ਨੂੰ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਬਣਾਉਣ ਦਾ ਯਤਨ ਕਰਦਾ ਹੈ। ਵਿਸ਼ੇ ਦੇ ਠੀਕ ਨਿਭਾਅ ਲਈ ਇਨ੍ਹਾਂ ਵੇਰਵਿਆਂ ਨੂੰ ਕ੍ਰਮ-ਬਧ ਕਰਦਿਆਂ, ਗਲਪਕਾਰ ਦੀ ਕੋਸ਼ਿਸ਼ ਹੁੰਦੀ ਹੈ ਕਿ ਸਭਿਆਚਾਰਕ ਨਿਯਮ-ਪ੍ਰਬੰਧ ਤੇ ਰਚਨਾ ਦੀ ਸਾਰਥਿਕਤਾ ਵਿਚਕਾਰ ਇਕ ਸੰਤੁਲਨ ਬਣਿਆ ਰਹੇ। ਲਪ ਦੀ ਸਿਰਜਣਾ ਲਈ ਤੀਸਰੇ ਤੰਤ 'ਪਾਤਰ-ਉਸਾਰੀ ਨੂੰ ਮਹੱਤਵਪੂਰਨ ਤੱਤ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਕਿਸੇ ਰਚਨਾ ਵਿਚਲੀਆਂ ਘਟਨਾਵਾਂ ਇਨ੍ਹਾਂ ਪਾਤਰਾਂ ਨਾਲ ਸਿੱਧੇ ਤੌਰ 'ਤੇ ਜੁੜੀਆਂ ਹੁੰਦੀਆਂ ਹਨ ਅਤੇ ਇਹ ਪਾਤਰ ਇਨ੍ਹਾਂ ਘਟਨਾਵਾਂ ਨਾਲ ਰਚਨਾ ਦੇ ਆਦਿ ਤੋਂ ਲੈ ਕੇ ਅੰਤ ਤੱਕ ਜੁਝਦੇ ਹਨ। ਇਹ ਗਲਪਕਾਰ 'ਤੇ ਨਿਰਭਰ ਕਰਦਾ ਹੈ ਕਿ ਉਸਨੇ ਕਿਹੜੀ ਘਟਨਾ, ਕਿਹੜੇ ਸਮੇਂ, ਕਿੰਨੇ ਪਾਤਰਾਂ ਨਾਲ ਤੇ ਕਿਵੇਂ ਪੇਸ਼ ਕਰਨੀ ਹੈ ? ਗਲਪਕਾਰ ਦੇ ਅਵਚੇਤਨ ਵਿਚ ਇਨ੍ਹਾਂ ਘਟਨਾਵਾਂ ਦੀ ਤਰਤੀਬ ਉਗੜ-ਦੁਗੜੀ ਵੀ ਹੋ ਸਕਦੀ ਹੈ ਪਰੰਤੂ ਗਲਪਕਾਰ ਦੁਆਰਾ ਸੁਚੇਤ ਰੂਪ ਵਿਚ ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇਨ੍ਹਾਂ ਘਟਨਾਵਾਂ ਦੀ ਤਰਤੀਬ ਦਾ ਬਹੁਤ ਖਿਆਲ ਰੱਖਿਆ ਜਾਂਦਾ ਹੈ। ਇਨ੍ਹਾਂ ਘਟਨਾਵਾਂ ਨੂੰ ਤਰਤੀਬ ਦਿੰਦਿਆਂ ਜਿੱਥੇ ਸਾਹਿਤਕ-
ਸੀਮਾਵਾਂ ਦੀ ਉਲੰਘਣਾ ਤੋਂ ਗੁਰੇਜ਼ ਕੀਤਾ ਜਾਂਦਾ ਹੈ, ਉੱਥੇ ਹੀ ਸਭਿਆਚਾਰਕ ਨਿਯਮ-ਵਿਧਾਨ ਦੀ ਪਾਲਣਾ ਤੋਂ ਵੀ ਮੂੰਹ ਨਹੀਂ ਮੋੜਿਆ ਜਾਂਦਾ। ਗਲਪਕਾਰ ਦੀ ਰਚਨਾ ਵਿਚਲੀ ਸਾਰੀ ਦੀ ਸਾਰੀ ਕਹਾਣੀ ਇਨ੍ਹਾਂ ਪਾਤਰਾਂ ਦੇ ਸਰੀਰਕ ਤੇ ਮਾਨਸਿਕ-ਕਾਰਜਾਂ

ਰਾਹੀਂ ਪੇਸ਼ ਹੋਈ ਹੁੰਦੀ ਹੈ। ਕਿਸੇ ਰਚਨਾ ਵਿਚਲੇ ਪਾਤਰ ਬੇਸ਼ੱਕ ਵਾਸਤਵਿਕ-ਮਨੁੱਖ ਦਾ ਭੁਲੇਖਾ ਪਾਉਂਦੇ ਹਨ ਪਰੰਤੂ ਉਨ੍ਹਾਂ ਦੀ ਹੋਂਦ ਗਾਲਪਨਿਕ ਹੀ ਹੁੰਦੀ ਹੈ। ਉਨ੍ਹਾਂ ਨੂੰ ਗਲਪਕਾਰ ਨੇ ਇਸ ਢੰਗ ਨਾਲ ਘੜਿਆ ਹੁੰਦਾ ਹੈ ਕਿ ਉਹ ਗਲਪਕਾਰ ਦੇ ਹੱਥਾਂ ਦੀ ਕਠਪੁਤਲੀ ਹੁੰਦੇ ਹੋਏ ਵੀ ਸੁਭਾਵਿਕ ਜਾਪਦੇ ਹਨ। ਉਹ ਕੰਮ-ਧੰਦੇ ਬੰਦਿਆਂ ਵਾਂਗ ਹੀ ਕਰਦੇ ਹਨ, ਬੋਲਦੇ, ਖਾਂਦੇ, ਪਹਿਨਦੇ ਭਾਵ ਰਚਨਾ ਵਿਚ ਹਰੇਕ ਕਾਰਜ ਦਿਆਂ ਵਾਂਗ ਕਰਦੇ ਹਨ ਪਰੰਤੂ ਫਿਰ ਵੀ ਬੰਦੇ ਨਹੀਂ ਹੁੰਦੇ, ਸਗੋਂ ਬੰਦਿਆਂ ਵਰਗੇ ਹੁੰਦੇ ਹਨ। ਇਨ੍ਹਾਂ ਪਾਤਰਾਂ ਨੂੰ ਜੇਕਰ ਸਮਾਜ ਵਿਚੋਂ ਲੱਭਣ ਤੁਰੀਏ ਤਾਂ ਇਹ ਨਹੀਂ ਲੱਭਣਗੇ ਬਲਕਿ ਇਨ੍ਹਾਂ ਵਰਗੇ ਲੱਭ ਜਾਣਗੇ। ਗਲਪਕਾਰ ਨੇ ਇਹ ਪਾਤਰ ਸਾਡੇ ਆਲੇ-ਦੁਆਲੇ ਵਿਚੋਂ ਹੀ ਕਲਪੇ ਹੁੰਦੇ ਹਨ। ਰਚਨਾ ਦੇ ਹਰੇਕ ਪਾਤਰ ਦਾ ਸੰਬੰਧ ਘਟਨਾ ਨਾਲ ਹੁੰਦਾ ਹੈ, ਘਟਨਾ ਦਾ ਗਲਪਕਾਰ ਦੇ ਅਵਚੇਤਨ ਨਾਲ ਅਤੇ

ਅਵਚੇਤਨ ਦਾ ਗਲਪਕਾਰ ਦੇ ਸਮਾਜਿਕ/ਸਭਿਆਚਾਰਕ-ਚੌਗਿਰਦੇ ਨਾਲ। ਇਉਂ ਗਲਪਕਾਰ ਦੇ ਅਵਚੇਤਨ, ਘਟਨਾ ਅਤੇ ਗਲਪੀ-ਪਾਤਰਾਂ ਦੀ ਉਸਾਰੀ ਦਾ ਆਧਾਰ-ਤੰਤ ਗਲਪਕਾਰ ਦਾ ਸਮਾਜਿਕ-ਸਭਿਆਚਾਰਕ ਚੌਗਿਰਦਾ ਹੀ ਹੁੰਦਾ ਹੈ। ਆਪਣੀ ਰਚਨਾ ਦੇ ਤਰਾਂ ਦੀ ਸਿਰਜਣਾ ਕਰਨ ਲੱਗਿਆਂ, ਗਲਪਕਾਰ ਸੰਬੰਧਿਤ ਸਭਿਆਚਾਰਕ ਮਰਿਆਦਾਵਾਂ ਨੂੰ ਅੱਖੋਂ ਓਹਲੇ ਨਹੀਂ ਕਰਦਾ। ਗਲਪੀ-ਭਾਸ਼ਾ ਤੋਂ ਬਿਨ੍ਹਾਂ ਕੋਈ ਵੀ ਗਲਪੀ-ਰਚਨਾ ਲਿਖਤ ਰੂਪ ਗ੍ਰਹਿਣ ਨਹੀਂ ਕਰ ਸਕਦੀ, ਕਿਉਂਕਿ ਗਲਪੀ-ਰਚਨਾ ਨੂੰ ਆਪਣੇ ਲਿਖਤੀ ਰੂਪ ਵਿਚ ਆਉਣ ਲਈ ਇਹ ਉਸਦੀ ਪਹਿਲੀ ਸ਼ਰਤ ਹੈ। ਹਰ ਭੂਗੋਲਿਕ ਖਿੱਤੇ 'ਤੇ ਵਸਣ ਵਾਲੇ ਸਮਾਜਿਕ-ਸਮੂਹ ਕੋਲ ਆਪਣੀ ਭਾਸ਼ਾ ਹੁੰਦੀ ਹੈ, ਜਿਸਦੇ ਮਾਧਿਅਮ ਰਾਹੀਂ ਉਹ ਇਕ-ਦੂਸਰੇ ਨਾਲ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦਾ ਹੈ। ਸਮੂਹ ਦੀ ਭਾਸ਼ਾ ਉਸ ਖਿੱਤੇ ਦੇ ਲੋਕਾਂ ਦੀਆਂ ਲੋੜਾਂ ਅਤੇ ਸਭਿਆਚਾਰ ਅਨੁਸਾਰ ਉਸ ਸਮੂਹ ਦੁਆਰਾ ਹੀ ਘੜੀ ਗਈ ਹੁੰਦੀ ਹੈ। ਗਲਪਕਾਰ ਕੋਲ ਸੰਬੰਧਿਤ ਸਮਾਜਿਕ-ਸਮੂਹ ਦੀ ਭਾਸ਼ਾ ਦੇ ਸ਼ਬਦਾਂ ਦਾ ਭਰਪੂਰ ਖਜਾਨਾ ਹੁੰਦਾ ਹੈ। ਭਾਸ਼ਾ ਦੇ ਇਸ ਖਜ਼ਾਨੇ ਵਿਚੋਂ ਹੀ ਉਸਦੀ ਗਲਪੀ-ਭਾਸ਼ਾ ਵਿਕਸਿਤ ਹੋਈ ਹੁੰਦੀ ਹੈ। ਇਸ ਲਈ ਜਦੋਂ ਉਸ ਵਿਸ਼ੇਸ਼ ਖਿੱਤੇ ਦੀ ਭਾਸ਼ਾ ਵਿਚ ਕੋਈ ਗਲਪੀ-ਰਚਨਾ ਸਿਰਜੀ ਜਾਂਦੀ ਹੈ ਤਾਂ ਉਸ ਖਿੱਤੇ/ਸਮੂਹ ਦਾ ਸਭਿਆਚਾਰ ਸੁੱਤੇ-ਸਿੱਧ ਹੀ ਉਸ ਰਚਨਾ ਰਾਹੀਂ ਪ੍ਰਗਟ ਹੋ ਰਿਹਾ ਹੁੰਦਾ ਹੈ। ਆਪਣੀ ਰਚਨਾ ਦੀ ਸਿਰਜਣਾ ਲਈ ਗਲਪਕਾਰ ਕੁਝ ਅਜਿਹੇ ਸ਼ਬਦਾਂ ਨੂੰ ਚੁਣਦਾ ਹੈ, ਜਿਹੜੇ ਰਚਨਾ ਨੂੰ ਪ੍ਰਭਾਵਸ਼ਾਲੀ ਵੀ ਬਣਾਉਣਾ ਅਤੇ ਸਾਹਿਤਕ ਤੇ ਸਭਿਆਚਾਰਕ ਨਿਯਮ-ਪ੍ਰਬੰਧ ਨੂੰ ਵੀ ਕਾਇਮ ਰੱਖਣ। ਕਈ ਵਾਰ ਕਿਸੇ ਭਾਸ਼ਾ ਦੇ ਇਕੋ ਸ਼ਬਦ ਨੂੰ ਸੰਬੰਧਿਤ ਸਭਿਆਚਾਰਕ-ਵਰਤਾਰੇ ਵਿਚ ਵੱਖ-ਵੱਖ ਸਥਿਤੀਆਂ ਵਿਚ ਇਕ ਤੋਂ ਵਧੇਰੇ ਅਰਥਾਂ ਵਿਚ ਵਰਤ ਲਿਆ ਜਾਂਦਾ ਹੈ ਅਤੇ ਕਈ ਵਾਰ ਇਕ ਅਰਥ ਲਈ ਵੱਖਰੇ-ਵੱਖਰੇ ਸ਼ਬਦਾਂ ਦੀ ਵਰਤੋਂ ਕਰ ਲਈ ਜਾਂਦੀ ਹੈ। ਇਹ ਗਲਪਕਾਰ ਨੇ ਵੇਖਣਾ ਹੈ ਸੰਬੰਧਿਤ ਸਭਿਆਚਾਰ ਕਿਸ ਮੌਕੇ, ਕਿਹੜੇ ਸ਼ਬਦ/ਅਰਥ ਦੀ ਪ੍ਰਵਾਨਗੀ ਦਿੰਦਾ ਹੈ। ਮਿਸਾਲ ਵਜੋਂ ਅਸੀਂ ਪੰਜਾਬੀ ਸਭਿਆਚਾਰ ਵਿਚ 'ਪਾਈ' ਸ਼ਬਦ ਨੂੰ ਰੋਜ਼ਮਰਾ ਦੀ ਜ਼ਿੰਦਗੀ ਵਿਚ ਜਿਹੜੇ ਅਰਥਾਂ ਲਈ ਵਰਤਦੇ ਹਾਂ, ਉਹੀ ਪਾਈ ਸ਼ਬਦ ਕਿਸੇ ਹੋਰ ਸਥਿਤੀ ਵਿਚ ਜਦੋਂ ਜਲ ਬਣਦਾ ਹੈ ਤਾਂ ਬੇਸ਼ੱਕ ਉਸਦਾ ਸੁਆਦ ਨਹੀਂ ਬਦਲਦਾ ਪਰੰਤੂ ਸਾਡੀ ਸਮਾਜਿਕ/ਸਭਿਆਚਾਰਕ ਮਰਿਆਦਾ ਦੀ ਪਾਲਣਾ ਜ਼ਰੂਰ ਕਰਦਾ ਹੈ। ਸੋ ਗਲਪਕਾਰ ਨੇ ਭਾਸ਼ਾ ਵਿਚੋਂ ਚੁਣੇ ਹੋਏ ਸ਼ਬਦਾਂ ਨੂੰ ਵਰਤਣ ਲੱਗਿਆ, ਸਭਿਆਚਾਰਕ-ਮਰਿਆਦਾ ਨੂੰ ਬਣਾਈ ਰੱਖਣ ਲਈ ਸ਼ਬਦਾਂ ਦੀ ਪੁਨਰ-ਸਿਰਜਣਾ ਵੀ ਕਰਨੀ ਹੁੰਦੀ ਹੈ। ਗਲਪੀ-ਭਾਸ਼ਾ ਦਾ ਸੰਬੰਧ ਜਿੱਥੇ ਇਕ ਪਾਸੇ ਸਾਹਿਤਕ-ਸੰਰਚਨਾ ਨਾਲ ਹੁੰਦਾ ਹੈ, ਉੱਥੇ ਹੀ ਦੂਸਰੇ ਪਾਸੇ ਕਿਸੇ ਸਮਾਜਿਕ/ਸਭਿਆਚਾਰਕ-ਸਮੂਹ ਨਾਲ ਵੀ ਜੁੜਿਆ ਹੁੰਦਾ ਹੈ। ਗਲਪਕਾਰ ਆਪਣੀ ਰਚਨਾ ਦੀ ਸਿਰਜਣਾ ਕਰਦਿਆਂ ਸੰਬੰਧਿਤ ਭਾਸ਼ਾ ਦੇ ਨਿਯਮ-ਪ੍ਰਬੰਧ ਦੀ ਪਾਲਣਾ ਦੇ ਨਾਲ-ਨਾਲ ਉਸ ਸਮਾਜਿਕ/ਸਭਿਆਚਾਰਕ-ਸਮੂਹ ਦੀਆਂ ਕਦਰਾਂ-ਕੀਮਤਾਂ ਨੂੰ ਵੀ ਧਿਆਨ ਵਿਚ ਰੱਖਦਾ ਹੈ। ਇਨ੍ਹਾਂ ਕਦਰਾਂ-ਕੀਮਤਾਂ ਦਾ ਸੰਬੰਧ ਗਲਪਕਾਰ ਦੇ ਅਵਚੇਤਨ ਨਾਲ ਬੱਝਿਆ ਹੁੰਦਾ ਹੈ। ਸੋ ਕਿਸੇ ਵੀ ਗਲਪੀ-ਰਚਨਾ ਦੀ ਸਿਰਜਣਾ ਸੰਬੰਧਿਤ ਸਮਾਜਿਕ/ਸਭਿਆਚਾਰਕ-ਸਮੂਹ ਦੇ ਸੰਦਰਭ ਵਿਚ ਹੀ ਸੰਭਵ ਹੈ। ਹਰੇਕ ਗਲਪੀ-ਰਚਨਾ ਵਿਚ ਗਲਪਕਾਰ ਨੇ ਅਸਿੱਧੇ ਢੰਗ ਨਾਲ ਆਪਣੀ ਵਿਚਾਰਧਾਰਾ ਪ੍ਰਗਟਾਈ ਹੁੰਦੀ ਹੈ। ਕੋਈ ਵੀ ਰਚਨਾ ਅਜਿਹੀ ਨਹੀਂ ਹੁੰਦੀ ਜਿਸ ਵਿਚੋਂ ਗਲਪਕਾਰ ਦੀ ਵਿਚਾਰਧਾਰਾ ਪੇਸ਼ ਨਾ ਹੋ ਰਹੀ ਹੋਵੇ। ਗਲਪਕਾਰ ਜਿਸ ਸਮਾਜਿਕ-ਚੌਗਿਰਦੇ ਵਿਚ ਪਲਦਾ ਹੈ, ਉਸਦੇ ਚੰਗੇ-ਮਾੜੇ ਅਨੁਭਵ ਉਸਦੇ ਅਵਚੇਤਨ ਦਾ ਹਿੱਸਾ ਬਣਦੇ ਰਹਿੰਦੇ ਹਨ। ਉਸਦੇ ਅਵਚੇਤਨ ਵਿਚੋਂ ਹੀ ਉਸਦੀ ਵਿਚਾਰਧਾਰਾ ਨੇ ਉਪਜਣਾ ਹੁੰਦਾ ਹੈ, ਭਾਵ ਗਲਪਕਾਰ ਦੀ ਵਿਚਾਰਧਾਰਾ ਦੀ ਬੀਜ-ਭੂਮੀ ਉਸਦੀ ਸਭਿਆਚਾਰਕ-ਸੋਝੀ ਹੀ ਹੁੰਦੀ ਹੈ। ਇਸ ਸੋਝੀ ਅਨੁਸਾਰ ਹੀ ਉਸਦੇ ਵਿਚਾਰਾਂ ਨੂੰ ਦਿਸ਼ਾ ਮਿਲਦੀ ਹੈ। ਬੇਸ਼ੱਕ ਗਲਪਕਾਰ ਆਪਣੇ ਵਿਚਾਰਾਂ ਨੂੰ ਦਿਸ਼ਾ ਵਿਸ਼ੇ ਅਨੁਸਾਰ ਢੁਕਵੀਂ ਸੇਧ ਦੇਣ ਲਈ ਦਿੰਦਾ ਹੈ ਪਰੰਤੂ ਇਹ

ਵਿਚਾਰ ਸਭਿਆਚਾਰਕ-ਪ੍ਰਭਾਵ ਤੋਂ ਮੁਕਤ ਨਹੀਂ ਹੁੰਦੇ। ਅਸਲ ਵਿਚ ਗਲਪਕਾਰ ਦਾ ਸਭਿਆਚਾਰਕ-ਅਵਚੇਤਨ ਹੀ ਸੁਚੇਤ ਪੱਧਰ 'ਤੇ ਵਿਚਾਰਧਾਰਾ ਦੇ ਰੂਪ ਵਿਚ ਪ੍ਰਗਟ ਹੋਇਆ ਹੁੰਦਾ ਹੈ। ਇਕ ਪਾਸੇ ਤਾਂ ਅਚੇਤ ਰੂਪ ਵਿਚ ਗਲਪਕਾਰ ਆਪਣੀ ਸਭਿਆਚਾਰਕ ਵਿਰਾਸਤ ਦੀ ਸਾਂਭ-ਸੰਭਾਲ ਨਾਲ ਜੁੜਿਆ ਹੁੰਦਾ ਹੈ ਅਤੇ ਦੂਸਰੇ ਪਾਸੇ ਸੁਚੇਤ ਰੂਪ ਵਿਚ ਸਮਾਜ ਵਿਚ ਵਾਪਰੇ ਪਰਿਵਰਤਨਾਂ ਨੂੰ ਵੀ ਸਹਿਜੇ-ਸਹਿਜੇ ਅਪਨਾ ਰਿਹਾ ਹੁੰਦਾ ਹੈ। ਉਸਦੀਆਂ ਗਲਪੀ-ਰਚਨਾਵਾਂ ਦੀ ਆਧਾਰ-ਸਮੱਗਰੀ ਉਸਦੀ ਵਿਰਾਸਤ ਜਾਂ ਉਸ ਵਿਚ ਵਾਪਰੇ ਸਮਕਾਲੀ ਪਰਿਵਰਤਨਾਂ ਨੇ ਹੀ ਬਣਨਾ ਹੁੰਦਾ ਹੈ। ਗਲਪ ਅਤੇ ਸਭਿਆਚਾਰ ਦੇ ਅੰਤਰ-ਸੰਬੰਧਾਂ ਨੂੰ ਉਸ ਰੂਪ ਵਿਚ ਵੀ ਸਮਝਿਆ ਜਾ ਸਕਦਾ ਹੈ ਜਦੋਂ ਗਲਪ, ਸਭਿਆਚਾਰ ਨੂੰ ਪ੍ਰਭਾਵਿਤ ਕਰਦਾ ਹੈ। ਸਭਿਆਚਾਰ ਮਾਨਵੀ-ਜਗਤ ਦਾ ਮੌਖਿਕ-ਰੂਪ ਵਿਚ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੁਰਨ ਵਾਲਾ ਅਜਿਹਾ ਵਰਤਾਰਾ ਹੈ, ਜਿਹੜਾ ਨਿਰੰਤਰ ਗਤੀਸ਼ੀਲ ਰਹਿੰਦਾ ਹੈ ਅਤੇ ਮਨੁੱਖੀ ਜੀਵਨ-ਜਾਚ ਵਜੋਂ ਸਮਾਜ ਦਾ ਅਨਿੱਖੜ ਅੰਗ ਹੁੰਦਾ ਹੈ। ਸਭਿਆਚਾਰ ਦੀ ਨਿਰਮਾਣ ਪ੍ਰਕਿਰਿਆ ਦੌਰਾਨ ਮਨੁੱਖ ਨੇ ਸਰੀਰਕ ਲੋੜਾਂ ਦੇ ਨਾਲ-ਨਾਲ ਮਾਨਸਿਕ ਸੰਤੁਸ਼ਟੀ ਲਈ ਕੋਮਲ ਕਲਾਵਾਂ ਦਾ ਨਿਰਮਾਣ ਵੀ ਕੀਤਾ ਹੈ। ਇਨਾਂ ਕੋਮਲ ਕਲਾਵਾਂ ਵਿਚੋਂ ਹੀ ਇਕ ਕਲਾ ਗਲਪ-ਰਚਨਾ ਹੈ, ਜੋ ਸਮੁੱਚੇ ਸਾਹਿਤ ਦਾ ਇਕ ਅੰਗ ਹੈ। ਗਲਪ ਕਿਸੇ ਕੰਮ ਦੀਆਂ ਵਿਚਾਰਾਂ ਦੀ ਦਿਸ਼ਾ ਸਿਰਫ਼ ਗਲਪਕਾਰ ਦੀ ਨਿੱਜੀ ਨਹੀਂ ਹੁੰਦੀ, ਬਲਕਿ ਉਸਦੇ ਪਿਛੋਕੜ ਵਿਚ ਸਮੂਹਿਕ-ਸੋਚ ਖੜ੍ਹੀ ਹੁੰਦੀ ਹੈ। ਹਰੇਕ ਲੋਕ-ਸਮੂਹ ਦੇ ਸਭਿਆਚਾਰ ਦੇ ਆਪਣੇ ਕੁਝ ਅਜਿਹੇ ਪ੍ਰਤੀਮਾਨ ਹੁੰਦੇ ਹਨ, ਜੋ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕੇ ਹੁੰਦੇ ਹਨ। ਇਨ੍ਹਾਂ ਪ੍ਰਤੀਮਾਨਾਂ ਦੀ ਪਾਲਣਾ ਸੰਬੰਧਿਤ ਸਭਿਆਚਾਰ ਦੇ ਲੋਕਾਂ ਦੇ ਜੀਵਨ ਦਾ ਅਨਿੱਖੜ ਅੰਗ ਬਣ ਜਾਂਦੀ ਹੈ। ਬੇਸ਼ੱਕ ਇਨ੍ਹਾਂ ਚ ਥੋੜ੍ਹੀ-ਬਹੁਤ ਤਬਦੀਲੀ ਵੀ ਵਾਪਰਦੀ ਰਹਿੰਦੀ ਹੈ ਪਰੰਤੂ ਇਨ੍ਹਾਂ ਪ੍ਰਤੀਮਾਨਾਂ ਦੀ ਹੋਂਦ ਨਿਰੰਤਰ ਬਣੀ ਰਹਿੰਦੀ ਹੈ। ਗਲਪ, ਸਭਿਆਚਾਰਕ-ਪ੍ਰਤੀਮਾਨਾਂ ਨਾਲ ਵੱਖ-ਵੱਖ ਸਮੇਂ ਸੰਵਾਦ ਰਚਾਉਂਦਾ ਹੈ। ਗਲਪ ਅਤੇ ਸਭਿਆਚਾਰਕ-ਪ੍ਰਤੀਮਾਨਾਂ ਦੇ ਇਨ੍ਹਾਂ ਸੰਵਾਦਾਂ ਵਿਚੋਂ ਸਮਾਜ ਤੇ ਸਭਿਆਚਾਰ ਲਈ ਨਵੀਂ ਦਿਸ਼ਾ ਨਿਰਧਾਰਤ ਹੁੰਦੀ ਹੈ। ਭਵਿੱਖ ਵਿਚ ਇਹੀ ਨਵੀਂ-ਦਿਸ਼ਾ ਸੰਬੰਧਿਤ ਲੋਕ-ਸਮੂਹ ਲਈ ਸਾਰਥਕ ਬਣ ਸਕਦੀ ਹੈ, ਕਿਉਂਕਿ ਗਲਪ ਦੇਸ਼ ਕਾਲ ਅਤੇ ਸਮਾਜ ਦਾ ਪ੍ਰਤੀਬਿੰਬ ਹੈ, ਜਿਸ ਵਿਚੋਂ ਤੱਕਿਆ ਉਸ ਸਮਾਜ ਦੇ ਧਾਰਮਿਕ, ਰਾਜਨੀਤਕ, ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਪੱਖ ਭਲੀ-ਭਾਂਤ ਉੱਪੜ ਆਉਂਦੇ ਹਨ। ਲੋਕ-ਕਥਾਵਾਂ, ਪੁਰਾਣ ਕਥਾਵਾਂ ਦੇ ਪਲਾਟ, ਘਟਨਾਵਾਂ ਤੇ ਪਾਤਰ ਸਿੱਧੇ ਅਤੇ ਅਸਿੱਧੇ ਰੂਪ ਵਿਚ ਗਲਪੀ-ਰਚਨਾਵਾਂ ਦੀ ਸਮੱਗਰੀ ਬਣਦੇ ਰਹੇ ਹਨ। ਲੋਕ-ਜੀਵਨ ਦੇ ਆਲੇ-ਦੁਆਲੇ ਵਿਚੋਂ ਲੋਕ-ਸਮੂਹ ਦਾ ਗਿਆਨ ਜਿਵੇਂ ਵਿਸ਼ਵਾਸ, ਰਹੁ-ਰੀਤਾਂ, ਅਖੌਤਾਂ ਅਤੇ ਮੁਹਾਵਰੇ ਬਿਨ੍ਹਾਂ ਕਿਸੇ ਤਬਦੀਲੀ ਦੇ ਗਲਪੀ-ਰਚਨਾਵਾਂ ਵਿਚੋਂ ਮਿਲ ਜਾਂਦੇ ਹਨ, ਜਿਨ੍ਹਾਂ ਸਦਕਾ ਗਲਪ ਅਤੇ ਸਭਿਆਚਾਰ ਦਾ ਸੰਬੰਧ ਅਟੁੱਟ ਰੂਪ ਵਿਚ ਬਣਿਆ ਰਹਿੰਦਾ ਹੈ। ਭਾਵੇਂ ਸਭਿਆਚਾਰ ਸੰਕਲਪ ਦਾ ਜਨਮ ਗਲਪ ਦੇ ਸੰਕਲਪ ਤੋਂ ਪਹਿਲਾਂ ਹੋਇਆ ਹੈ ਪਰੰਤੂ ਗਲਪ ਮਨੁੱਖ ਦੀ ਸਭਿਆਚਾਰਕ ਸਵੈ-ਚੇਤਨਾ ਦੀ ਹੀ ਉਪਜ ਹੈ। ਸਭਿਆਚਾਰਕ ਕਦਰਾਂ-ਕੀਮਤਾਂ ਹੀ ਮਨੁੱਖ ਨੂੰ ਚੇਤੰਨਤਾ ਪ੍ਰਦਾਨ ਕਰਦੀਆਂ ਹਨ ਅਤੇ ਇਹੀ ਚੇਤੰਨਤਾ ਗਲਪ ਦੀ ਵਸਤੂ-ਸਮੱਗਰੀ ਬਣਦੀ ਹੈ। ਸਭਿਆਚਾਰ ਦੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਮਨੁੱਖਾਂ ਦੇ ਵਿਸ਼ੇਸ਼ ਜਨ-ਸਮੂਹ ਨੂੰ ਇਕ ਨਿਸ਼ਚਿਤ ਜੀਵਨ ਅਤੇ ਜੀਵਨ ਲਈ ਰੂਪ-ਰੇਖਾ ਪ੍ਰਦਾਨ ਕਰਦਾ ਹੈ। ਮਨੁੱਖ ਨੇ ਆਪਣੇ ਜੀਵਨ ਦੇ ਲਗਾਤਾਰ ਸੰਘਰਸ਼ ਵਿਚੋਂ ਹਰੇਕ ਸਮਾਜਿਕ ਘਟਨਾ, ਵਰਤਾਰੇ ਅਤੇ ਕੁਦਰਤ ਦੇ ਰੂਪ, ਨਿਯਮਾਂ ਅਤੇ ਰਹੱਸਾਂ ਬਾਰੇ ਕਿਸੇ ਨਾ ਕਿਸੇ ਪੱਧਰ 'ਤੇ ਇਕ ਖਾਸ ਕਿਸਮ ਦਾ ਦ੍ਰਿਸ਼ਟੀਕੋਣ ਪ੍ਰਾਪਤ ਕੀਤਾ ਹੁੰਦਾ ਹੈ। ਇਸ ਦ੍ਰਿਸ਼ਟੀਕੋਣ ਵਿਚ ਨਿਰੰਤਰ ਵਾਪਰਨ ਵਾਲੀ ਤਬਦੀਲੀ ਦਾ ਪ੍ਰਗਟਾਵਾ ਗਲਪ ਰਾਹੀਂ ਹੀ ਸਾਡੇ ਸਨਮੁੱਖ ਹੁੰਦਾ ਹੈ। ਇਹ ਗੱਲ ਸੁਭਾਵਿਕ ਹੈ ਕਿ ਗਲਪਕਾਰ ਦੀ ਕੋਈ ਵੀ ਰਚਨਾ ਸਭਿਆਚਾਰਕ ਪ੍ਰਭਾਵ ਤੋਂ ਅਛੂਤੀ ਨਹੀਂ ਰਹਿ ਸਕਦੀ। ਗਲਪਕਾਰ ਦਾ ਸਮੁੱਚਾ ਦ੍ਰਿਸ਼ਟੀਕੋਣ ਉਸਦੇ ਸਭਿਆਚਾਰਕ ਘੇਰੇ ਦੇ ਅੰਦਰ ਰਹਿ ਕੇ ਹੀ ਪ੍ਰਵਾਨ ਚੜ੍ਹਦਾ ਹੈ। ਗਲਪਕਾਰ ਆਪਣੀ ਰਚਨਾ ਲਈ ਜੋ ਕੁਝ ਵੀ ਸੋਚੇਗਾ, ਉਹ ਸਭਿਆਚਾਰਕ ਘੇਰੇ ਤੋਂ ਬਾਹਰ ਹੋ ਸਕਦਾ ਹੈ ਪਰੰਤੂ ਜਦੋਂ ਆਪਣੀ ਰਚਨਾ ਵਿਚ ਪੇਸ਼ ਕਰੇਗਾ ਤਾਂ ਉਹ ਕਦੇ ਵੀ ਇਸ ਹੱਦ ਨੂੰ ਨਹੀਂ ਤੋੜੇਗਾ, ਕਿਉਂਕਿ ਗਲਪਕਾਰ ਦੀ ਮਾਨਸਿਕਤਾ ਉਸਨੂੰ ਅਜਿਹੀ ਉਲੰਘਣਾ ਕਰਨ ਦੀ ਇਜ਼ਾਜਤ ਨਹੀਂ ਦੇਵੇਗੀ। ਇਸ ਤਰ੍ਹਾਂ ਗਲਪਕਾਰ ਦੀ ਗਲਪ-ਰਚਨਾ ਵਿਚ ਸਭਿਆਚਾਰ ਅਤੇ ਗਲਪ ਦਾ ਅਨਿੱਖੜ ਰਿਸ਼ਤਾ ਬਣਿਆ ਰਹਿੰਦਾ ਹੈ। ਸਮਾਜ-ਸਭਿਆਚਾਰ ਅਤੇ ਗਲਪ-ਸਭਿਆਚਾਰ ਦੇ ਅਲੱਗ-ਅਲੱਗ ਸੰਕਲਪ ਹਨ। ਸਮਾਜ-ਸਭਿਆਚਾਰ ਪਹਿਲਾਂ ਹੋਂਦ ਵਿਚ ਆਇਆ ਸੰਕਲਪ ਹੈ ਜਦੋਂ ਕਿ ਗਲਪ-ਸਭਿਆਚਾਰ ਬਾਅਦ ਵਿਚ ਹੋਂਦ ਵਿਚ ਆਇਆ ਹੈ। ਗਲਪ-ਸਭਿਆਚਾਰ ਆਪਣੀ ਹੋਂਦ ਸਮਾਜ-ਸਭਿਆਚਾਰ ਵਿਚੋਂ ਹੀ ਗ੍ਰਹਿਣ ਕਰਦਾ ਹੈ। ਗਲਪ-ਸਭਿਆਚਾਰ ਆਪਣੀ ਵਸਤੂ-ਸਮੱਗਰੀ ਸਮਾਜ-ਸਭਿਆਚਾਰ ਵਿਚੋਂ ਲੈ ਕੇ ਅਤੇ ਉਸਨੂੰ ਆਪਣੇ

ਰੰਗ ਵਿਚ ਰੰਗ ਕੇ ਪ੍ਰਤੀਬਿੰਬਤ ਕਰਦਾ ਹੈ। ਗਲਪ-ਸਭਿਆਚਾਰ ਵੇਖਣ ਵਿਚ ਸਮਾਜ-ਸਭਿਆਚਾਰ ਦਾ ਭੁਲੇਖਾ ਹੀ ਪਾਉਂਦਾ ਹੈ, ਕਿਉਂਕਿ ਇਸਨੇ ਆਪਣੀ ਸਾਰੀ ਵਸਤੂ-ਸਮੱਗਰੀ ਸਮਾਜ-ਸਭਿਆਚਾਰ ਦੀ ਪ੍ਰੇਰਨਾ ਸਦਕਾ ਹੀ ਵਿਉਂਤੀ ਹੁੰਦੀ ਹੈ ਪਰੰਤੂ ਫਿਰ ਵੀ ਗਲਪ-ਸਭਿਆਚਾਰ ਇਕ ਕਲਾਤਮਕ ਰਚਨਾ ਹੋਣ ਕਾਰਨ ਵੱਖਰੇ ਰੰਗ, ਵੱਖਰੀ ਵਿਉਂਤ ਅਤੇ ਵੱਖਰੇ ਸੁਭਾਅ ਦਾ ਹੁੰਦਾ ਹੈ। ਇਸ ਸੰਬੰਧੀ ਇਕ ਵਿਦਵਾਨ ਦਾ ਕਹਿਣਾ ਹੈ। ਸਾਹਿਤਕਾਰ ਮਨੁੱਖੀ ਜੀਵਨ ਵਿਚ ਵਾਪਰ ਰਹੇ ਦਵੰਦ ਨੂੰ ਉਸਾਰ ਦੀ ਪੱਧਰ ਤੇ ਪੇਸ਼ ਕਰਦਾ ਹੈ ਅਤੇ ਮਨੁੱਖੀ ਜੀਵਨ ਦੇ ਇਹ ਰਿਸ਼ਤੇ ਸਭਿਆਚਾਰ ਦੀ ਉਪਜ ਹੁੰਦੇ ਹਨ। ਸਾਹਿਤ ਦੇ ਹਰ ਰੂਪ ਵਿਚੋਂ ਇਨ੍ਹਾਂ ਰਿਸ਼ਤਿਆਂ ਦੀ ਹੋਂਦ ਜਾਂ ਸਮਾਜ ਦੇ ਸਭਿਆਚਾਰ ਦਾ ਸਰੂਪ ਮਿਲਦਾ ਹੈ। ਸਾਹਿਤ ਦਾ ਕੋਈ ਵੀ ਰੂਪ ਇਸ ਸਰੂਪ ਤੋਂ ਸੱਖਣਾ ਹੋ ਕੇ ਕਦੇ ਵੀ ਚਿਰੰਜੀਵੀ ਨਹੀਂ ਹੋ ਸਕਦਾ। ਸਭਿਆਚਾਰ ਮਾਨਵੀ-ਜਗਤ ਦਾ ਨਿਰੰਤਰ ਗਤੀਸ਼ੀਲ ਰਹਿਣ ਵਾਲਾ ਅਜਿਹਾ ਵਰਤਾਰਾ ਹੈ, ਜਿਸ ਵਿਚ ਹਰ-ਰੋਜ਼ ਕੁਝ ਨਾ ਕੁਝ ਨਵਾਂ ਸ਼ਾਮਿਲ ਹੁੰਦਾ ਰਹਿੰਦਾ ਹੈ ਭਾਵ ਰਵਾਇਤੀ ਪਹਿਲੂ ਸਮੇਂ ਅਤੇ ਪ੍ਰਸਥਿਤੀਆਂ ਅਨੁਸਾਰ ਨਵੇਂ ਰੂਪ ਵਿਚ ਰੂਪਾਂਤਰਿਤ ਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਕੋਈ ਵੀ ਸਭਿਆਚਾਰ ਸਦਾ ਇਕੋ-ਜਿਹਾ ਨਹੀ ਰਹਿੰਦਾ ਬਲਕਿ ਉਸ ਦੀ ਪੁਨਰ-ਉਸਾਰੀ ਵਿਚ ਨਿਰੰਤਰਤਾ ਬਣੀ ਰਹਿੰਦੀ ਹੈ। ਇਸ ਪੁਨਰ-ਉਸਾਰੀ ਵਿਚ ਬੇਸ਼ੱਕ ਸੰਬੰਧਿਤ ਸਭਿਆਚਾਰ ਦੇ ਲੋਕਾਂ ਦਾ ਸਮੂਹਿਕ ਯੋਗਦਾਨ ਹੁੰਦਾ ਹੈ ਪਰੰਤੂ ਇਸ ਲੋਕ-ਸਮੂਹ ਦੀ ਪ੍ਰਤੀਨਿਧਤਾ ਕਰਨ ਵਾਲੇ ਕੁਝ ਅਜਿਹੇ ਵਿਅਕਤੀ ਵੀ ਹੁੰਦੇ ਹਨ, ਜਿਹੜੇ ਇਸ ਪੁਨਰ-ਉਸਾਰੀ ਲਈ ਸੰਘਰਸ਼ ਕਰਦਿਆਂ, ਆਪਣਾ ਸਮੁੱਚਾ ਜੀਵਨ ਇਸ ਦੇ ਲੇਖੇ ਲਾ ਦਿੰਦੇ ਹਨ। ਆਪਣੇ ਸਭਿਆਚਾਰ ਦੀ ਪੁਨਰ-ਉਸਾਰੀ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਅਜਿਹੇ ਵਿਅਕਤੀ ਲੋਕ-ਨਾਇਕ/ਨਾਇਕਾ ਦਾ ਦਰਜਾ ਪ੍ਰਾਪਤ ਕਰ ਲੈਦੇ ਹਨ। ਗਲਪਕਾਰ ਅਜਿਹੇ ਲੋਕ-ਨਾਇਕਾਂ ਬਾਰੇ ਗਲਪੀ-ਬਿਰਤਾਂਤ ਸਿਰਜ ਕੇ ਉਨ੍ਹਾਂ ਦੁਆਰਾ ਜੀਵਨ ਵਿਚ ਕੀਤੇ ਗਏ ਸੰਘਰਸ਼ਾਂ ਨੂੰ ਸਭਿਆਚਾਰਕ-ਸੰਘਰਸ਼ ਬਣਾ ਦਿੰਦਾ ਹੈ। ਸਭਿਆਚਾਰ ਦੀ ਪੁਨਰ-ਉਸਾਰੀ ਕਰਨ ਵਾਲੇ ਇਹ ਵਿਅਕਤੀ ਭਵਿੱਖ ਵਿਚ ਹੋਰ ਲੋਕਾਂ ਲਈ ਚਾਨਣ-ਮੁਨਾਰਾ ਹੋ ਨਿੱਬੜਦੇ ਹਨ। ਇਹ ਗਲਪਕਾਰ 'ਤੇ ਹੀ ਨਿਰਭਰ ਕਰਦਾ ਹੈ ਕਿ ਉਹ ਇਨ੍ਹਾਂ ਸਭਿਆਚਾਰਕ-ਨਾਇਕਾਂ/ਨਾਇਕਾਵਾਂ ਦੇ ਗਲਪੀ-ਬਿਰਤਾਂਤ ਸਿਰਜਣ ਲੱਗਿਆਂ ਕਿੰਨਾ-ਕੁ ਸਫਲ ਹੁੰਦਾ ਹੈ। ਇਹ ਸੁਭਾਵਿਕ ਹੈ ਕਿ ਹਰ ਸਮਾਜ ਦਾ ਸਮਕਾਲੀ ਗਲਪ ਆਪਣੇ ਸਭਿਆਚਾਰ ਦਾ ਹੀ ਪ੍ਰਤਿਬਿੰਬ ਹੋਵੇਗਾ। ਉਸ ਵਿਚ ਸਭਿਆਚਾਰ ਦੀ ਪੁਨਰ-ਉਸਾਰੀ ਕਰਨ ਵਾਲੇ ਵਿਅਕਤੀਆਂ ਦੇ ਜੀਵਨ-ਸੰਘਰਸ਼ਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਗਿਆ ਹੁੰਦਾ, ਬਲਕਿ ਉਸਨੂੰ ਅਜਿਹੀ ਕਲਾਤਮਕ-ਸੋਝੀ ਨਾਲ ਪ੍ਰਗਟਾਇਆ ਹੁੰਦਾ ਕਿ ਉਹ ਸੰਘਰਸ਼ ਪਾਠਕਾਂ ਨੂੰ ਧੁਰ-ਅੰਦਰ ਤੱਕ ਜਾ ਟੁੰਬਦਾ ਹੈ। ਸੋ 10
ਗਲਪ ਉਸ ਸਭਿਆਚਾਰ ਦਾ ਸਿਰਫ਼ ਸ਼ੀਸ਼ਾ ਹੀ ਨਹੀਂ ਹੁੰਦਾ ਸਗੋਂ ਸਰਜਨ ਹੁੰਦਾ ਹੈ, ਜਿਹੜਾ ਸਭਿਆਚਾਰ ਦੀ ਸਿਰਫ਼ ਬਾਹਰੀ ਤਸਵੀਰ ਹੀ ਨਹੀਂ ਦਿਖਾਉਂਦਾ ਬਲਕਿ ਉਸ ਦੀ ਚੀਰ-ਫਾੜ ਕਰਕੇ ਸਭਿਆਚਾਰ ਦੀਆਂ ਲੁਕਵੀਆਂ ਪਰਤਾਂ ਨੂੰ ਵੀ ਸਮਾਜ ਦੇ ਸਨਮੁੱਖ ਕਰਦਾ ਹੈ। ਮਨੁੱਖ ਇਨ੍ਹਾਂ ਵਿਚਕਾਰ ਇਕ ਕੜੀ ਵਜੋਂ ਕਾਰਜ ਕਰਦਾ ਹੈ। ਗਲਪ ਇਕ ਅਜਿਹੀ ਕੋਮਲ ਕਲਾ ਹੈ ਜਿਹੜੀ ਮਨੁੱਖ ਦੇ ਅੰਦਰਲੇ ਭਾਵਾਂ, ਰੀਝਾਂ, ਸੱਧਰਾਂ, ਉਮੰਗਾਂ, ਲੋੜਾਂ, ਪ੍ਰਾਪਤੀਆਂ, ਅਪ੍ਰਾਪਤੀਆਂ ਨੂੰ ਸੂਖਮ ਤੇ ਸੁਹਜ-ਭਰੇ ਢੰਗ ਨਾਲ ਅਭਿਵਿਅਕਤ ਕਰਦੀ ਹੈ। ਇਨ੍ਹਾਂ ਭਾਵਾਂ ਦੀ ਅਭਿਵਿਅਕਤੀ ਲਈ ਗਲਪਕਾਰ ਨੂੰ ਭਾਸ਼ਾ ਦੀ ਲੋੜ ਹੁੰਦੀ ਹੈ ਅਤੇ ਗਲਪਕਾਰ ਦੁਆਰਾ ਵਰਤੀ ਜਾਣ ਵਾਲੀ ਭਾਸ਼ਾ ਨੂੰ ਗਲਪੀ-ਭਾਸ਼ਾ ਵਜੋਂ ਜਾਇਆ ਜਾਂਦਾ ਹੈ। ਬੇਸ਼ੱਕ ਗਲਪਕਾਰ ਦੁਆਰਾ ਵਰਤੀ ਗਈ ਗਲਪੀ-ਭਾਸ਼ਾ ਸੰਬੰਧਿਤ ਲੋਕ-ਸਮੂਹ ਦੀ ਭਾਸ਼ਾ ਦਾ ਹੀ ਅੰਸ਼ ਹੁੰਦੀ ਹੈ ਪਰੰਤੂ ਇਸ ਨਵੀਂ ਭਾਸ਼ਾ ਦੀ ਸਿਰਜਣਾ ਨਵੇਂ ਅਰਥਾਂ ਨੂੰ ਜ਼ਰੂਰ ਜਨਮ ਦਿੰਦੀ ਹੈ। ਗਲਪਕਾਰ ਦੁਆਰਾ ਸਿਰਜੀ ਇਹ ਨਵੀਂ ਭਾਸ਼ਾ ਸੰਬੰਧਿਤ ਲੋਕ-ਸਮੂਹ ਦੇ ਸਭਿਆਚਾਰ ਨੂੰ ਹਰ ਪਹਿਲੂ ਤੋਂ ਪ੍ਰਗਟਾਉਣ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਮਾਨਵੀ ਅਵਚੇਤਨ ਵਿਚ ਪਈਆਂ ਸਭਿਆਚਾਰਕ-ਸਿਰਜਨਾਵਾਂ ਦੀ ਅਭਿਵਿਅਕਤੀ ਇਸ ਨਵੀਂ ਗਲਪੀ-ਭਾਸ਼ਾ ਰਾਹੀਂ ਗਲਪਕਾਰ ਪਾਠਕਾਂ ਦੇ ਸਨਮੁੱਖ ਕਰਦਾ ਹੈ ਅਤੇ ਚੰਗੀ ਸਭਿਆਚਾਰਕ-ਦਿਸ਼ਾ ਲਈ ਰਾਹ ਪੱਧਰਾ ਕਰਨ ਦਾ ਯਤਨ ਕਰਦਾ ਹੈ। ਸੋ ਗਲਪ ਦਾ ਸਭਿਆਚਾਰਕ-ਅਵਚੇਤਨ ਨਾਲ ਬਹੁਤ ਨੇੜੇ ਦਾ ਸੰਬੰਧ ਹੁੰਦਾ ਹੈ। ਇਸ ਤਰ੍ਹਾਂ ਗਲਪ ਸਭਿਆਚਾਰਕ-ਜੀਵਨ ਦੀ ਅਭਿਵਿਅਕਤੀ ਹੁੰਦਾ ਹੈ ਅਤੇ ਗਲਪ ਵਿਚ ਵਿਅਕਤੀ ਅਤੇ ਵਿਅਕਤੀਗਤ ਜੀਵਨ ਦੇ ਨਾਲ-ਨਾਲ ਸਮੂਹਿਕ ਜੀਵਨ ਵੀ ਚਿਤ੍ਰਿਤ ਹੋਇਆ ਮਿਲਦਾ ਹੈ। ਇਸੇ ਲਈ ਸਮਾਜ ਦੀਆਂ ਮੂਲ ਪ੍ਰਵਿਰਤੀਆਂ ਦਾ ਸੰਬੰਧ ਗਲਪ ਦੀਆਂ ਮੂਲ ਪ੍ਰਵਿਰਤੀਆਂ ਨਾਲ ਜੋੜਿਆ ਜਾਂਦਾ ਹੈ। ਗਲਪ ਅਤੇ ਸਭਿਆਚਾਰ ਦਾ ਸੰਬੰਧ ਪ੍ਰਤੱਖ ਵੀ ਹੈ ਅਤੇ ਅਪ੍ਰਤੱਖ ਵੀ। ਇਕ ਪਾਸੇ ਗਲਪ ਸਭਿਆਚਾਰ ਵਿਚੋਂ ਪੈਦਾ ਹੁੰਦਾ ਹੈ ਅਤੇ ਦੂਸਰੇ ਪਾਸੇ ਸਭਿਆਚਾਰ ਨੂੰ ਰੂਪ ਵੀ ਪ੍ਰਦਾਨ ਕਰਦਾ ਹੈ. ਕਿਉਂਕਿ ਗਲਪ ਇਕ ਅਜਿਹਾ ਅਨੁਸ਼ਾਸ਼ਨ ਹੈ ਜਿਸਦਾ ਸੰਬੰਧ ਸਮੁੱਚੀ ਮਨੁੱਖ-ਜਾਤੀ ਜਾਂ ਮਨੁੱਖਤਾ ਨਾਲ ਹੈ। ਇਸ ਪੱਖ ਤੋਂ ਗਲਪ

ਦੀ ਦ੍ਰਿਸ਼ਟੀ ਸਭਿਆਚਾਰ ਦੀ ਦ੍ਰਿਸ਼ਟੀ ਨਾਲੋਂ ਵਿਸ਼ਾਲ ਹੈ, ਜਿਵੇਂ: ਸਾਹਿਤਕਾਰ ਮਨੁੱਖੀ ਜੀਵਨ ਦੀ ਚੇਤਨਾ ਨੂੰ ਜੀਵਨ ਦੇ ਵਿਸ਼ਾਲ ਚੌਗਿਰਦੇ ਵਿਚ ਸਮਾਜ ਅਤੇ ਸਭਿਆਚਾਰ ਦੀ ਨੁਹਾਰ ਰਾਹੀਂ ਉਲੀਕਦਾ ਹੈ ਕਿਉਂਕਿ ਜੀਵਨ ਦੀ ਮਹਾਨ ਤੋਂ ਮਹਾਨ ਘਟਨਾ ਕਿਸੇ ਨਾ ਕਿਸੇ ਸਮਾਜਿਕ ਵਾਤਾਵਰਨ ਵਿਚ ਵਾਪਰਦੀ ਹੈ। ਸਮੁੱਚੇ ਮਨੁੱਖ ਨੂੰ ਉਸਦੀਆਂ ਅੰਤਰੀਵ ਭਾਵਨਾਵਾਂ ਅਤੇ ਬਾਹਰੀ ਕਿਰਿਆਵਾਂ ਨੂੰ ਸਮਾਜ ਦੇ ਪ੍ਰਸੰਗ ਵਿਚ ਰੱਖ ਕੇ ਉਸਦੇ ਸਭਿਆਚਾਰ ਦਾ ਪੂਰਨ ਸਰੂਪ ਪੇਸ਼ ਕਰਨਾ ਕੇਵਲ ਸਾਹਿਤ ਰਾਹੀਂ ਹੀ ਸੰਭਵ ਹੈ।
ਹਰ ਭੂਗੋਲਿਕ ਖਿੱਤੇ 'ਤੇ ਵਸਣ ਵਾਲੇ ਲੋਕ-ਸਮੂਹ ਦਾ ਸਮੁੱਚਾ ਜੀਵਨ-ਵਿਹਾਰ ਸੰਬੰਧਿਤ ਸਭਿਆਚਾਰ ਵਿਚ ਹੀ ਸਮਾਇਆ ਹੁੰਦਾ ਹੈ। ਸੇ ਵੀ ਵਿਅਕਤੀ ਦੇ ਜੀਵਨ-ਵਿਹਾਰ ਨੂੰ ਉਸ ਸਭਿਆਚਾਰ ਵਿਚੋਂ ਤਲਾਸ਼ਿਆ ਜਾ ਸਕਦਾ ਹੈ। ਮਨੁੱਖ ਦੇ ਜੀਵਨ ਵਿਹਾਰ ਦੀ ਇਤਿਹਾਸਕ ਤੌਰ ਸਿੱਧੀ ਰੇਖਾ ਵਾਲੀ ਨਹੀਂ ਸਗੋਂ ਟੇਢੀ-ਮੇਢੀ ਹੈ। ਮਨੁੱਖੀ ਜੀਵਨ ਅਤੇ ਸਭਿਆਚਾਰ ਦੀ ਸਮੁੱਚੀ ਇਤਿਹਾਸਕ ਤੋਰ ਦਾ ਪ੍ਰਗਟਾਵਾ ਗਲਪ ਰਾਹੀਂ ਹੀ ਸਾਡੇ ਤੱਕ ਪਹੁੰਚਦਾ ਹੈ। ਇਸ ਵਿਚ ਜਿੰਨੇ ਵੀ ਟੋਏ-ਟਿੱਬੇ ਅਤੇ ਮੋੜ ਆਉਂਦੇ ਹਨ. ਗਲਪ ਵਿਚ ਵੀ ਉਸੇ ਢੰਗ ਨਾਲ ਨਿਰੰਤਰ ਤਬਦੀਲੀ ਹੁੰਦੀ ਰਹਿੰਦੀ ਹੈ। ਭਾਵੇਂ ਗਲਪ ਤੋਂ ਬਿਨ੍ਹਾਂ ਸਾਹਿਤ ਦੇ ਹੋਰ ਰੂਪ ਵੀ ਇਸ ਨੂੰ ਪ੍ਰਗਟਾਉਣ ਦੀ ਸਮਰੱਥਾ ਰੱਖਦੇ ਹਨ ਪਰੰਤੂ ਅਜੋਕੇ ਸਮੇਂ ਗਲਪ ਦੀ ਇਸ ਸਮਰੱਥਾ ਬਾਰੇ ਇਕ ਵਿਚਾਰ ਇਸ ਤਰ੍ਹਾਂ ਮਿਲਦਾ ਹੈ :
ਉਵ ਤਾਂ ਹਰ ਸਾਹਿਤ ਵਿਧਾ ਹੀ ਸਭਿਆਚਾਰਕ ਯਥਾਰਥ ਨੂੰ ਸਮਝਣ, ਪਕੜਨ ਤੇ ਪ੍ਰਗਟਾਉਣ ਦਾ ਕਾਰਜ ਕਰਦੀ ਹੈ ਪਰੰਤੂ ਨਾਵਲ ਵਿਚ ਇਹ ਕਾਰਜ ਕਰਨ ਦੀ ਸਮਰੱਥਾ ਕਿਤੇ ਵਧੇਰੇ ਹੈ। ਅਜਿਹਾ ਇਸਦੇ ਵਿਸ਼ਾਲ ਕੈਨਵਸ ਕਾਰਨ ਸੰਭਵ ਹੁੰਦਾ ਹੈ।
ਗਲਪ ਦੀ ਵਿਸ਼ੇਸ਼ ਪਛਾਣ ਲਈ ਸਭਿਆਚਾਰ ਦਾ ਦਮਲ ਬਹੁਤ ਜ਼ਰੂਰੀ ਹੁੰਦਾ ਹੈ ਕਿਉਂਕਿ ਗਲਪਕਾਰ ਜਦੋਂ ਆਪਣੀ ਰਚਨਾ ਸਿਰਜਦਾ ਹੈ ਤਾਂ ਉਹ ਸਭਿਆਚਾਰ ਨੂੰ ਬਹੁਤ ਨੇੜਿਓ ਦੇਖਦਾ, ਅਨੁਭਵ ਕਰਦਾ ਅਤੇ ਦਿਸ਼ਾਵਾਂ ਪ੍ਰਦਾਨ ਕਰਦਾ ਹੈ। ਇਹ ਦਿਸ਼ਾਵਾਂ ਸਭਿਆਚਾਰ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਇਹ ਪ੍ਰਕਿਰਿਆ ਧੀਮੀ ਚਾਲ ਪਰੰਤੂ ਸਦਾ ਚਲਦੀ ਰਹਿੰਦੀ ਹੈ। ਦੋਹਾਂ ਦੀ ਇਕ-ਦੂਜੇ ਨੂੰ ਪ੍ਰਭਾਵਿਤ ਕਰਨ ਵਾਲੀ ਜਦੋ-ਜਹਿਦ ਪੀੜ੍ਹੀ-ਦਰ-ਪੀੜ੍ਹੀ ਨਿਰੰਤਰ ਜਾਰੀ ਰਹਿੰਦੀ ਹੈ। ਇਸੇ ਜੱਦੋ-ਜਹਿਦ ਵਿਚ ਸਮਕਾਲੀ ਸੱਚ ਛੁਪਿਆ ਹੁੰਦਾ ਹੈ: ਸਾਹਿਤ ਦਾ ਕੰਮ ਹਾਲਾਤ ਦੇ ਪ੍ਰਸੰਗ ਵਿਚ ਸਮਾਜਿਕ ਰਿਸ਼ਤਿਆਂ ਤੇ ਮਨੁੱਖੀ ਸ਼ਖ਼ਸੀਅਤ ਨੂੰ ਵਾਸਤਵਿਕ ਤਰੀਕੇ ਨਾਲ ਚਿਤਰਣਾ ਹੈ। ਸਿਰਜਣਾ ਸਾਹਿਤਕਾਰ ਦੇ ਕਸਬ ਦੀ ਕਲਾ ਹੈ। ਸਿਰਜਨਾਤਮਕਤਾ ਲੇਖਕ ਦੇ ਵਿਅਕਤੀਤਵ ਅਤੇ ਉਸਦੇ ਭਾਵ-ਬੋਧ ਦਾ ਪ੍ਰਤੀਬਿੰਬ ਹੁੰਦੀ ਹੈ ਜਿਸ ਵਿਚ ਪ੍ਰਸਥਿਤੀਆਂ ਦੁਆਰਾ ਪ੍ਰਦਾਨ ਕੀਤਾ ਹੋਇਆ ਸੱਚ ਹੁੰਦਾ ਹੈ।"
ਸਮੁੱਚੀ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਸਭਿਆਚਾਰ ਅਤੇ ਗਲਪ ਦੋਵੇਂ ਹੀ ਮਨੁੱਖੀ ਸਿਰਜਨਾਵਾਂ ਹਨ। ਕਿਸੇ ਮਨੁੱਖ/ਮਨੁੱਖੀ-ਸਮੂਹ ਤੋਂ ਬਿਨ੍ਹਾਂ ਇਨ੍ਹਾਂ ਦੋਵਾਂ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਦੋਵਾਂ ਸਿਰਜਨਾਵਾਂ ਦੀ ਸੁਤੰਤਰ ਹੋਂਦ ਹੋਣ ਦੇ ਬਾਵਜੂਦ ਵੀ ਇਹ ਸਿਰਜਨਾਵਾਂ ਆਪਸ ਵਿਚ ਅੰਤਰ-ਸੰਬੰਧਤ ਹੁੰਦੀਆਂ ਹਨ ਅਤੇ ਇਨ੍ਹਾਂ ਦਾ ਸੰਬੰਧ ਮਾਨਵੀ-ਅਵਚੇਤਨ ਨਾਲ ਜੁੜਿਆ ਹੁੰਦਾ ਹੈ। ਭਾਵੇਂ ਗਲਪ, ਬੰਧਾਤਮਿਕ ਸਭਿਆਚਾਰ ਦਾ ਇਕ ਛੋਟਾ ਅੰਗ ਹੈ ਪਰੰਤੂ ਫਿਰ ਵੀ ਗਲਪ, ਸਭਿਆਚਾਰ ਨੂੰ ਉਸਦੀ ਸਮੁੱਚਤਾ ਵਿਚ ਹੀ ਪ੍ਰਤਿਬਿੰਬਤ ਕਰਦਾ ਹੈ। ਇਹ ਸਭਿਆਚਾਰਕ ਘਟਨਾਵਾਂ ਦਾ ਸਿਰਫ਼ ਯਥਾਰਥਕ-ਰੂਪ ਹੀ ਪੇਸ਼ ਨਹੀਂ ਕਰਦਾ ਸਗੋਂ ਸਮਾਜ ਦੇ ਅਮਲਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਗਲਪਕਾਰ ਜਿਸ ਸਮਾਜਿਕ/ਸਭਿਆਚਾਰਕ-ਸਮੂਹ ਵਿਚ ਰਹਿ ਰਿਹਾ ਹੋਵੇ, ਉਸਦਾ ਪ੍ਰਭਾਵ ਗਲਪਕਾਰ ਦੇ ਅਵਚੇਤਨ ਵਿਚ ਮੌਜੂਦ ਹੁੰਦਾ ਹੈ, ਜੋ ਸਿੱਧੇ ਜਾਂ ਅਸਿੱਧੇ ਰੂਪ ਵਿਚ ਉਸਦੀ ਸੋਚ ਅਤੇ ਵਿਚਾਰਧਾਰਾ 'ਤੇ ਪੈਂਦਾ ਹੈ। ਬਹੁਤ ਸਾਰੀਆਂ ਸਭਿਆਚਾਰਕ ਪ੍ਰਵਿਰਤੀਆਂ ਗਲਪਕਾਰ ਦੀ ਚੇਤਨਾ ਦਾ ਭਾਗ ਬਣ ਜਾਂਦੀਆਂ ਹਨ। ਜੇਕਰ ਥੋੜ੍ਹੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਗਲਪ, ਸਭਿਆਚਾਰ ਦਾ ਅੱਗ ਵੀ ਹੁੰਦਾ ਹੈ, ਅਕਸ ਵੀ ਵਾਹਨ ਵੀ, ਸਰਜਨ ਵੀ ਅਤੇ
ਸਿਰਜਨਹਾਰ ਵੀ।12ਹਵਾਲੇ ਅਤੇ ਟਿੱਪਣੀਆਂ
ਅਲਟੇਦ ਸਿੰਘ ਧਾਸੀਦਾਸ, ਮੇਲਾਮੀ ਤਦਸ-ਟ੍ਰਿਯਟੀ, ਧੰਤ 3
2. ਗੁਰਦਿਆਲ ਸਿੰਘ ਰੁੱਲ ਉਹੀ ਰਚਨਾ, ਪੰਨਾ 130
3. ਸੰਡ ਮਿੰਮ ਸੇਧੇ, ਕਰੁਧਸੈ ਸ਼ੁਕਿੰਟਰ ਸ਼ੁਮਕ (ਸਲ੍ਹੀ
ਸਬਲ, ਧੇਠਾ 46
ਨਰਵਿੰਦਰ ਸਿੰਘ ਕੈਸਲ, ਸੁਰਤਿ-ਸੰਵੇਦਨਾ ਪੰਨਾ 42
5. ਬਰੁਟੇਧ ਮਿੰਮ ਧਲੀਤ ਮੇਨੀ ਚਲ-ਸਿਟੀ ਧੇਗ਼ਾ?

6. ਸੁਨੀਡ ਸਿੰਥ ਸਮਿਥ ਬਬ-ਸਾਤ ਮਏ 121
7. ਸੁਰਿੰਦਰ ਸਿੰਘ ਸ਼ੇਰਗਿੱਲ, ਪੰਜਾਬੀ ਸਭਿਆਚਾਰ ਦੀ ਰੂਪ-ਰੇਖਾ, ਪੰਨਾ 27
ਸਰਬਜੀਤ ਕੌਰ, ਪੰਜਾਬੀ ਨਾਵਲ ਦਾ ਸਭਿਆਚਾਰਕ ਅਵਚੇਤਨ, ਪੰਨੇ 41-42
9. ਬਲਜਿੰਦਰ ਨਸਰਾਲੀ, ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ ਦਾ ਸਭਿਆਚਾਰ-ਸ਼ਾਸਤਰ, ਪੰਨਾ 9